ਕਿਆ ਹਮ ਕਥਹ ਕਿਛੁ ਕਥਿ ਨਹੀਂ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ ॥
ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥ (੧੨੦੩)

ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ ॥
ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ ॥ (੧੩੨੦)

## ॥ ਮੁਢਲੀ ਜਾਣਕਾਰੀ ॥

ਜਪੁ ਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਅਤੇ ਪ੍ਰਮੁਖ ਬਾਣੀ ਹੈ। ਇਸ ਦਾ ਪਾਠ ਸਿਖ ਤਾਂ ਸ਼ਰਧਾ ਨਾਲ ਕਰਦੇ ਹੀ ਹਨ, ਪਰ ਬਹੁਤ ਸਾਰੇ ਗੈਰ ਸਿੱਖ ਵੀ ਬੜੇ ਪ੍ਰੇਮ ਨਾਲ ਗੁਰੂ ਨਾਨਕ ਦੇਵ ਜੀ ਦੀ ਇਸ ਮੂਲ ਬਾਣੀ ਦਾ ਪਾਠ ਕਰਦੇ ਹਨ। ਇਸ ਬਾਣੀ ਦਾ ਹਰ ਰੋਜ ਪਾਠ ਕਰਨ ਦੀ ਮਰਿਆਦਾ ਖੁਦ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੋਂ ਬਾਦ ਕਰਤਾਰ ਪੁਰ (ਪਾਕਿਸਤਾਨ) ਆ ਕੇ ਵਸਣ ਸਮੇਂ ਪ੍ਰਚਲਤ ਕੀਤੀ =

ਫਿਰਿ ਬਾਬਾ ਆਇਆ ਕਰਤਾਰ ਪੁਰਿ, ਭੇਖ ਉਦਾਸੀ ਸਗਲ ਉਤਾਰਾ।
ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ (ਭਾ. ਗੁ. ੧-੩੮)।

ਨਿਤਨੇਮ ਸਮੇਂ ਸਭ ਤੋਂ ਪਹਿਲਾਂ ਜਪੁ ਜੀ ਦਾ ਪਾਠ ਕੀਤਾ ਜਾਂਦਾ ਹੈ ਅਤੇ ਗੁਰੂ ਦਸਮੇਸ਼ ਜੀ ਨੇ ਵੀ ੧੬੯੯ ਈ. ਵਿਚ ਅੰਮ੍ਰਿਤ ਛਕਾਉਣ ਵੇਲੇ ਜਪੁ ਜੀ ਦਾ ਪਾਠ ਸਭ ਤੋਂ ਪਹਿਲਾਂ ਕੀਤਾ। ਇਸ ਦਾ ਪਾਠ ਨਿਰਸੰਦੇਹ ਹਰ ਮਨੁੱਖ ਲਈ ਕਲਿਆਣਕਾਰੀ ਹੈ, ਪਰ ਅਸਲ ਲਾਭ ਪਾਠ ਵਿਚਾਰ ਸਹਿਤ ਇਸ ਦੀ ਸਿਖਿਆ ਉਤੇ ਅਮਲ ਕਰਨ ਨਾਲ ਹੀ ਹੋਣਾ ਹੈ। ਜਪੁ ਜੀ ਸਾਹਿਬ ਧਰਮ ਦੇ ਰਸਤੇ ਤੇ ਚਲਣ ਵਾਲੇ ਹਰ ਮਨੁੱਖ ਲਈ ਅਦੁਤੀ ਗਾਡੀ ਰਾਹ ਅਤੇ ਚਾਨਣ ਮੁਨਾਰਾ ਹੈ। ਇਸ ਬਾਣੀ ਦਾ ਕੇਂਦਰੀ ਵਿਸ਼ਾ ਪਰਮ ਪਦ ਦੀ ਪਰਾਪਤੀ ਅਤੇ ਨਿਰੰਕਾਰ ਨਾਲ ਇਕ ਮਿਕ ਹੋ ਕੇ ਜੀਵਤ ਕਾਲ ਵਿਚ ਹੀ ਸੱਚਖੰਡ ਪਹੁੰਚਣਾ ਹੈ। ਜਪੁ ਜੀ ਸਾਹਿਬ ਦੇ ਪਾਠ ਦਾ ਉਚਾਰਣ ਬਹੁਤ ਕਠਨ ਹੈ, ਸੰਥਿਆ ਲਏ ਤੋਂ ਬਿਨਾ ਇਸ ਦਾ ਸ਼ੁੱਧ ਉਚਾਰਣ ਨਹੀਂ ਹੋ ਸਕਦਾ। ਅਰਥ ਵੀਚਾਰ ਕਰਨ ਨਾਲ ਜਿਥੇ ਪਾਠ ਦੀ ਸ਼ੁਧਾਈ ਹੁੰਦੀ ਹੈ, ਉਥੇ ਬਾਣੀ ਦੀ ਸਮਝ ਵੀ ਪੱਲੇ ਪੈਂਦੀ ਹੈ। ਜਪੁ ਜੀ ਸਾਹਿਬ ਦੇ ਅਰਥ ਬਹੁਤ ਟੀਕਾਕਾਰਾਂ ਨੇ ਕੀਤੇ ਹਨ, ਸਭ ਨੇ ਹੀ ਅਪਣੇ ਵਲੋਂ ਬੜੀ ਮਿਹਨਤ ਕਰਕੇ ਵਿਆਖਿਆ ਕੀਤੀ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਜਪੁ ਜੀ ਸਾਹਿਬ ਦੀ ਹੀ ਵਿਆਖਿਆ ਹੈ, ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਜਪੁ ਜੀ ਸਾਹਿਬ ਦੇ ਅਰਥ ਖੋਜੇ ਜਾ ਸਕਦੇ ਹਨ। ਜਪੁ ਜੀ ਸਾਹਿਬ ਦੀ ਕੋਈ ਐਸੀ ਤੁਕ ਨਹੀ, ਜਿਸ ਦੇ ਅਰਥ ਗੁਰੂ ਗ੍ਰੰਥ ਸਾਹਿਬ ਵਿਚੋਂ ਨਾ ਲੱਭੇ ਜਾ ਸਕਦੇ ਹੋਣ। ਮੈਂ ਅਪਣੇ ਵਲੋਂ ਬਹੁਤ ਸਰਲ ਅਤੇ ਹਰ ਇਕ ਦੇ ਸਮਝ ਵਿਚ ਆਉਣ ਵਾਲੇ ਅਰਥ ਅਤੇ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਮਨੁੱਖ ਭੁੱਲਣਹਾਰ ਹੈ, ਫਿਰ ਵੀ ਬਹੁਤ ਗਲਤੀਆਂ ਹੋਈਆਂ ਹੋਣਗੀਆਂ, ਪਾਠਕ ਜਨ ਸੁਧਾਈ ਕਰ ਸਕਦੇ ਹਨ।

ਦਾਸਨਿਦਾਸ
ਹਰਜਿੰਦਰ ਸਿੰਘ 'ਗਿਆਨੀ'

### ਸੰਖੇਪ ਚਿੰਨ੍ਹਾਂ ਦਾ ਵੇਰਵਾ ਃ-

੧. ਦਰਪਣ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਟੀਕਾਕਾਰ ਡਾਕਟਰ ਸਾਹਿਬ ਸਿੰਘ ਡੀ. ਲਿਟ.)।
੨. ਸੰ. ਸ. = ਸੰਪ੍ਰਦਾਈ ਸਟੀਕ (ਟੀਕਾਕਾਰ ਸੰਤ ਕ੍ਰਿਪਾਲ ਸਿੰਘ ਜੀ)।
੩. ਸ਼ਬਦਾਰਥ = (ਗੁਰੂ ਗ੍ਰੰਥ ਸਾਹਿਬ ਦਾ ਟੀਕਾ) ਪ੍ਰਕਾਸ਼ਕ ਃ- ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
੪. ਫ. ਸ. = ਫਰੀਦਕੋਟ ਸਟੀਕ (ਭਾਸ਼ਾ ਵਿਭਾਗ ਪੰਜਾਬ)।
੫. ਸੰ. ਪੋ. (ਸੰਥਿਆ ਪੋਥੀਆਂ) ਟੀਕਾਕਾਰ = ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸੰਘ ਜੀ।
੬. ਗੁ. ਗ੍ਰੰ. ਕੋਸ਼. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਕ੍ਰਿਤ = ਭਾਈ ਵੀਰ ਸਿੰਘ ਜੀ)।
੭. ਮ. ਕੋ. = ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ)।

੮. ਬਾ. ਪ੍ਰ. (ਸ੍ਰੀ ਗੁਰੂ ਬਾਣੀ ਪਰਕਾਸ਼) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨੇਵਾਰ ਕੋਸ਼ (ਰਚਿਤ = ਸੋਢੀ ਤੇਜਾ ਸਿੰਘ)।
੯. ਗੁ. ਪਾ. ਦ. ਗੁਰਬਾਣੀ ਪਾਠ ਦਰਸ਼ਨ (ਕਰਤਾ = ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ, ਭਿੰਡਰਾਂ ਵਾਲੇ)।
੧੦. ਟਕਸਾਲ = ਭਿੰਡਰਾਂ ਵਾਲੀ ਟਕਸਾਲ।
੧੧. ਜਾਂ, ਅਥਵਾ ਭਾਵ ਦੂਜੇ ਅਰਥ ਲਈ ਚਿੰਨ੍ਹ ਹੈ = ;
੧੨. ਭਾ. ਗੁ. = ਭਾਈ ਗੁਰਦਾਸ ਜੀ। ਕ. ਭਾ. ਗੁ = ਕਬਿੱਤ ਭਾਈ ਗੁਰਦਾਸ ਜੀ।
੧੩. ਨਾ. ਪ੍ਰ. = ਨਾਨਕ ਪ੍ਰਕਾਸ਼। ਸੂ. ਪ੍ਰ. = ਗੁਰ ਪ੍ਰਤਾਪ ਸੂਰਜ ਪ੍ਰਕਾਸ਼ (ਕ੍ਰਿਤ = ਕਵੀ ਸੰਤੋਖ ਸਿੰਘ)।
੧੪. ਪਾ. ੧੦ = ਪਾਤਸ਼ਾਹੀ ਦਸਵੀਂ। ਅ. ਉ. = ਅਕਾਲ ਉਸਤਤਿ (ਪਾ. ੧੦)।ਦ. ਗ. = ਦਸਮ ਗ੍ਰੰਥ।
੧੫. S. G. P. C. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ।
੧੬. ਅ. = ਅਰਬੀ। ਫ. = ਫਾਰਸੀ। ਅਧਿ. = ਅਧਿਆਇ।
੧੭. ਨਰੋਤਮ = ਪੰਡਤ ਤਾਰਾ ਸਿੰਘ ਨਰੋਤਮ (ਨਿਰਮਲੇ ਸੰਤ)।
੧੮. ਪਦਾਰਥ = ਪਦ + ਅਰਥ ਨੂੰ ਮਿਲਾ ਕੇ ਮੈਂ 'ਪਦਾਰਥ' ਸ਼ਬਦ ਵਰਤਿਆ ਹੈ।ਹਰੇਕ ਤੁਕ ਦੇ ਅਰਥ ਪਹਿਲਾਂ ਲਿਖ ਕੇ ਬਾਅਦ ਵਿਚ ਪਦਾਰਥ ਵਿਚ ਮੈਂ ਪਦ ਅਰਥ ਲਿਖੇ ਹਨ।

ਨੋਟ = ਜਿਥੇ ਕੇਵਲ ਪੰਨਾ ਨੰਬਰ ਹੀ ਦਿਤਾ ਗਿਆ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪੰਨਾ ਨੰਬਰ ਹਨ।

ੴ

ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥
ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥
(੭੫੨)

ਇਕ ਮਨਿ ਪੁਰਖੁ ਧਿਆਇ ਬਰਦਾਤਾ ॥ ਸੰਤ ਸਹਾਰੁ ਸਦਾ ਬਿਖਿਆਤਾ ॥
ਤਾਸੁ ਚਰਨ ਲੇ ਰਿਦੈ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥
(੧੩੮੯)

ੴ = ਨਿਰਗੁਣ ਪ੍ਰਮਾਤਮਾ।ਸਰਗੁਣ ਰੂਪ ਵਾਹਿਗੁਰੂ।ਸਰਬ ਸ਼ਕਤੀਮਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ ਜਿਸ ਦੇ ਬਰਾਬਰ ਦਾ ਹੋਰ ਕੋਈ ਦੂਜਾ ਨਹੀਂ।

੧ (ਇੱਕ) = ਅਦੁਤੀ। ਲਾਸਾਨੀ। ਬਰਾਬਰੀ ਰਹਿਤ। ਸ੍ਰਿਸਟੀ ਦਾ ਆਦਿ।ਨਿਰੰਕਾਰ ਦੀ ਸਰਗੁਣਤਾ ਦਾ ਅਰੰਭ। ਮਨੁੱਖੀ ਇੰਦ੍ਰੀਆਂ ਤੋਂ ਪਰੇ। ਇਕੋ ਇਕ ਮੂਲ ਤੱਤ ਜੋ ਅਨਾਦੀ ਤੇ ਅਨੰਤ ਹੈ। ਨਿਰੰਕਾਰ ਦਾ ਅਪਰੰਪਰ ਰੂਪ।

ਓਅੰਕਾਰ = ਸਰਬ ਸ਼ਕਤੀਮਾਨ ਵੈਰਾਟ ਰੂਪ ਪ੍ਰਮਾਤਮਾ।ਸਭ ਦੀ ਰੱਖਿਆ ਕਰਨ ਵਾਲਾ ਪ੍ਰਮਾਤਮਾ।

ਸਤਿ = ਸੱਤਾ ਵਾਲਾ, ਸਦੀਵੀ ਹੋਂਦ ਵਾਲਾ, ਸੱਚ ਰੂਪ, ਸਦਾ ਸਲਾਮਤਿ ਸੱਚ, ਤ੍ਰੈ ਕਾਲ ਅਬਾਧ ਸੱਚ (ਤਿੰਨ ਕਾਲਾਂ ਤੋਂ ਵੀ ਪਰੇ ਬੇ ਰੋਕ ਰਹਿਣ ਵਾਲਾ ਭਾਵ ਪਰਾਕਾਲ ਸੱਚ), ਅਚੱਲ, ਅਟੱਲ, ਉਹ ਸੱਤ ਹੈ ਅਤੇ ਸਦਾ ਕਾਇਮ ਰਹਿਣ ਵਾਲਾ ਹੈ।

ਨਾਮੁ = ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਜਿਸ ਰਾਹੀਂ ਨਿਰੰਕਾਰ ਨੇ ਸਮੁੱਚੀ ਰਚਨਾ ਨੂੰ ਧਾਰਿਆ ਹੋਇਆ ਹੈ।ਉਹ ਸਰਬ ਵਿਆਪਕ ਸ਼ਕਤੀ, ਜਿਸ ਨੇ ਅਨੰਤ ਖੰਡਾਂ ਬ੍ਰਹਮੰਡਾਂ, ਅਕਾਸ਼ਾਂ, ਪਤਾਲਾਂ, ਪੁਰੀਆਂ, ਭਵਨਾਂ, ਦਿਸਦੇ ਅਤੇ ਅਣਦਿਸਦੇ ਅਕਾਰਾਂ ਨੂੰ

ਇਕ ਨਿਯਮ ਬੱਧ ਤਰਤੀਬ ਤੇ ਜੱਥੇਬੰਦੀ ਵਿਚ ਰਖਿਆ ਹੋਇਆ ਹੈ।ਜਿਸ ਜੱਥੇਬੰਦੀ (ਸੂਤ੍ਰ) ਨੂੰ ਸਮੇਟ ਲੈਣ ਨਾਲ ਇਹ ਸਭੋ ਕੁਛ ਦਿਸਦਾ ਤੇ ਅਣ ਦਿਸਦਾ ਢਹਿ ਢੇਰੀ ਹੋ ਜਾਂਦਾ ਹੈ, ਉਹ ਸ਼ਕਤੀ ਹੀ ਨਾਮ ਹੈ।ਕਿਸੇ ਦੇਸ਼, ਕਿਸੇ ਸਮੇਂ ਅਤੇ ਕਿਸੇ ਵਸਤੂ ਕਰਕੇ ਵੱਧ ਘੱਟ ਨਹੀਂ ਹੁੰਦਾ, ਸਭ ਥਾਂਈਂ ਸਦਾ ਅਤੇ ਹਰੇਕ ਵਸਤੂ ਵਿਚ ਇਕ ਸਾਰ ਹੈ।

**ਕਰਤਾ** = ਰਚਣਹਾਰ, ਸਾਰੀ ਸ੍ਰਿਸਟੀ, ਦੇਵੀ ਦੇਵਤਿਆਂ, ਅਨੰਤ ਖੰਡਾਂ ਬ੍ਰਹਮੰਡਾਂ, ਅਕਾਸ਼ਾਂ, ਪਤਾਲਾਂ, ਪੁਰੀਆਂ, ਭਵਨਾਂ, ਪ੍ਰਮਾਣੂ ਆਦਿ ਸਰਬ ਤੱਤਾਂ, ਦਿਸਦੇ ਅਤੇ ਅਣ ਦਿਸਦੇ ਅਕਾਰਾਂ ਨੂੰ ਪੈਦਾ ਕਰਨ ਵਾਲਾ ਕਰਤਾਰ।

**ਪੁਰਖ** = ਸਰਬ ਵਿਆਪਕ ਹਸਤੀ।ਸਭ ਦੇ ਅੰਦਰ ਬਾਹਰ ਨਿਵਾਸ ਹੈ ਜਿਸ ਦਾ, ਸਭ ਜਗ੍ਹਾ ਤੇ ਪਰੀ ਪੂਰਣ, (ਪੁ–ਨਰਕ ਅਤੇ ਰਖ – ਰਖਿਆ ਭਾਵ ਨਰਕਾਂ ਤੋਂ ਰੱਖਿਆ ਕਰਨ ਵਾਲਾ ਵਾਹਿਗੁਰੂ)।ਗੁਰਮਤਿ ਵਿਚ ਕਰਤਾਰ ਰਚਨਾ ਰਚ ਕੇ ਕਿਤੇ ਦੂਰ ਸੱਤਵੇਂ ਅੱਠਵੇਂ ਅਕਾਸ਼ ਵਿਚ ਨਹੀਂ ਜਾ ਬੈਠਦਾ, ਅਪਣੀ ਰਚਨਾ ਵਿਚ ਮੌਜੂਦ ਰਹਿੰਦਾ ਹੈ।

**ਨਿਰਭਉ** = ਨਿਰੰਕਾਰ ਭੈ ਤੋਂ ਰਹਿਤ ਹੈ; ਨਿਡਰ; ਬੇਖੌਫ।(ਨਾ ਕਿਸੇ ਤੋਂ ਡਰਦਾ ਹੈ ਅਤੇ ਨਾ ਕਿਸੇ ਨੂੰ ਡਰਾਉਂਦਾ ਹੈ)।

**ਨਿਰਵੈਰੁ** = ਵੈਰ ਰਹਿਤ ਪ੍ਰਮਾਤਮਾ।(ਉਸਦਾ ਕਿਸੇ ਨਾਲ ਵੈਰ ਨਹੀਂ, ਵੈਰ ਵਿਰੋਧ ਤੋਂ ਮੁਕਤ ਹੈ)।

**ਅਕਾਲ ਮੂਰਤਿ** = ਕਾਲ (ਮੌਤ) ਤੋਂ ਰਹਿਤ ਪ੍ਰਮਾਤਮ ਹਸਤੀ।ਸਮੇਂ ਦੀ ਹੱਦ ਤੋਂ ਰਹਿਤ ਸਰੂਪ ਵਾਲਾ।ਕਦੇ ਨਾ ਮਰਨ ਵਾਲੀ ਹਸਤੀ।

**ਅਜੂਨੀ** = ਅਜਨਮਾ।ਜਨਮ ਵਿਚ ਨਾ ਆਉਣ ਵਾਲਾ।ਜੂਨਾਂ ਤੋਂ ਰਹਿਤ (ਜਨਮ ਮਰਣ ਦੇ ਗੇੜ ਤੋਂ ਰਹਿਤ)।

**ਸੈਭੰ** = ਅਪਣੇ ਆਪ ਤੋਂ ਪ੍ਰਕਾਸ਼ਵਾਨ (ਅਪਣੇ ਆਪ ਪ੍ਰਕਾਸ਼ਨ ਵਾਲਾ)।ਅਪਣੇ ਆਪ ਤੋਂ ਪੈਦਾ ਹੋਣ ਵਾਲਾ, ਜੋ ਕਿਸੇ ਤੋਂ ਪੈਦਾ ਨਹੀਂ ਹੋਇਆ।ਸ੍ਵੈ ਪ੍ਰਗਟ।ਸ੍ਵੈ ਸੰਪੂਰਨ, ਜੋ ਕਿਸੇ ਬਾਹਰੀ ਕਾਰਨ ਤੇ ਨਿਰਭਰ ਨਹੀਂ।ਅਪਣੇ ਆਪ ਨੂੰ ਆਪ ਸਾਜਣ ਵਾਲਾ।

**ਗੁਰ ਪ੍ਰਸਾਦਿ** = ਗੁਰੂ ਦੀ ਕਿਰਪਾ ਨਾਲ (ਨਿਰੰਕਾਰ) ਪ੍ਰਾਪਤ ਹੁੰਦਾ ਹੈ।ਸਾਰੀ ਬਾਣੀ ੧ਓ ਅਤੇ ਸਤਿ ਦੀ ਹੀ ਵਿਆਖਿਆ ਹੈ, ਜਿਸ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

## ੴ ਤੋਂ ਗੁਰ ਪ੍ਰਸਾਦਿ ਤਕ ਵਿਸਥਾਰ ਸਹਿਤ ਵਿਆਖਿਆ =

**ੴ** ਸੰਸਾਰ ਨੂੰ ਇਸ ਸ਼ਬਦ ਦੀ ਦੇਣ ਗੁਰੂ ਨਾਨਕ ਦੇਵ ਜੀ ਦੀ ਹੈ, ਗੁਰੂ ਨਾਨਕ ਦੇਵ ਜੀ ਨੇ ੴ ਤੋਂ ਪਹਿਲਾਂ ਅੰਕ '੧' ਲਗਾ ਕੇ ਇਕ ਪਰਮਾਤਮਾ ਦੀ ਹੋਂਦ ਦਾ ਸਬੂਤ ਦਿਤਾ ਹੈ।ਲੋਕ ਇਕ ਪ੍ਰਮਾਤਮਾ ਦੇ ਪੈਦਾ ਕੀਤੇ ਦੇਵੀ ਦੇਵਤਿਆਂ ਤੇ ਅਵਤਾਰਾਂ ਨੂੰ ਪ੍ਰਮਾਤਮਾ ਜਾਣ ਕੇ ਪੂਜਣ ਲਗ ਗਏ ਸਨ, ਉਹ ਅਪਣੇ ਆਪ ਨੂੰ ਹੀ ਭਗਵਾਨ ਦਸ ਕੇ ਲੋਕਾਂ ਤੋਂ ਪੂਜਾ ਕਰਾਉਂਦੇ ਸਨ।ਸੰਸਾਰ ਦੇ ਲੋਕ ਇਕ ਮਹਾਨ ਪ੍ਰਮਾਤਮ ਹਸਤੀ ਨੂੰ ਭੁੱਲੀ ਬੈਠੇ ਸਨ, ਕਲਜੁਗ ਦੇ ਐਸੇ ਘੋਰ ਅੰਧਕਾਰ ਦੇ ਸਮੇਂ ਵਿਚ ਗੁਰੂ ਸਾਹਿਬ ਨੇ ਸੰਸਾਰ ਨੂੰ ੴ ਦਾ ਮਹਾਨ ਉਪਦੇਸ਼ ਦਿਤਾ।

**੧** = ਗਣਿਤ ਦਾ ਅੰਕ '੧' ਧਰਮ ਦਰਸ਼ਨ ਦੇ ਅਨੇਕਾਂ ਵਾਦ ਵਿਵਾਦਾਂ ਨੂੰ ਸਮੇਟ ਕੇ ਪ੍ਰਮਾਤਮਾ ਦੀ ਅਖੰਡਤਾ ਅਤੇ ਏਕਤਾ ਨੂੰ ਦਰਸਾਉਂਦਾ ਹੈ।ਗੁਰੂ ਨਾਨਕ ਦੇਵ ਜੀ ਨੇ ਇਥੇ ਅੰਕ ੧ ਸੁਤੰਤਰ ਪਦ ਵੱਜੋਂ ਵਰਤਿਆ ਹੈ, ਅੰਕ '੧' ਓਅੰਕਾਰ ਦਾ ਵਿਸ਼ੇਸ਼ਣ ਨਹੀ।ਓਅੰਕਾਰ ਸ਼ਬਦ ਨੂੰ ਵੀ ਗੁਰਬਾਣੀ ਵਿਚ ਸੁਤੰਤਰ ਰੂਪ ਵਿਚ ਵਰਤਿਆ ਹੋਇਆ ਹੈ।ਪ੍ਰਮਾਤਮਾ ਦੀ ਏਕਤਾ ਦਾ ਲਖਾਇਕ ਅੰਕ '੧' ਕੇਵਲ ਮੂਲ ਮੰਤਰ ਦੇ ਪਾਠਾਂ ਵਿਚ ਹੀ ਮਿਲਦਾ ਹੈ, ਪਰ ੧ ਅੰਕ ਗੁਰਬਾਣੀ ਵਿਚ ਇਕ, ਏਕੋ, ਏਕ, ਏਕੰਕਾਰ, ਏਕੈ, ਇਕਸ, ਇਕ ਹੀ ਆਦਿ ਸ਼ਬਦ ਰੂਪ ਵਿਚ ਵੀ ਵਰਤਿਆ ਮਿਲਦਾ ਹੈ।ਏਕ ਸੰਸਕ੍ਰਿਤ ਉਚਾਰਣ ਹੈ ਅਤੇ ਇਕ ਪ੍ਰਾਕ੍ਰਿਤਕ ਅਤੇ ਪੰਜਾਬੀ ਰੂਪ ਹੈ।ਅੰਕ '੧' ਅਤੇ ੴ ਦੋ ਪਦ ਹਨ ਜਿਸ ਤਰ੍ਹਾਂ ਸਤਿ ਤੇ ਨਾਮੁ ਜਾਂ ਕਰਤਾ ਤੇ ਪੁਰਖੁ।ਇਹ '੧' ਅਤੇ 'ੴ' ਦੋਵੇਂ ਪਦ ਪ੍ਰਮਾਤਮਾ ਦੇ ਨਾਉਂ ਹਨ। {ਏਕਾ ਏਕੰਕਾਰ ਲਿਖ ਦਿਖਾਲਿਆ।ਊੜਾ ਓਅੰਕਾਰ ਪਾਸਿ ਬਹਾਲਿਆ (ਭਾ. ਗੁ. ਵਾਰ ੩–੧੫)}।

**ਅੰਕ ਵਿਸ਼ੇਸਤਾ** ঃ– ਅੱਖਰਾਂ ਵਿਚ ਲਿਖਿਆ 'ਇਕ' ਵਿਆਕਰਣ ਦੇ ਪੱਖੋਂ ਓਅੰਕਾਰ ਦਾ ਵਿਸ਼ੇਸ਼ਣ ਹੋਣਾ ਸੀ, ਜਦ ਕਿ ਗਣਿਤ ਦਾ ਅੰਕ ੧ ਸੁਤੰਤਰ ਪਦ ਹੈ, ਜਿਸ ਦਾ ਅਰਥ ਹੈ ਕਿ ਹੋਂਦ ਕੇਵਲ ਇਕ ਹੈ।ਅੰਕ ੧ ਪ੍ਰਮਾਤਮਾ ਦੀ ਹੋਂਦ ਅਤੇ ਏਕਤਾ ਨੂੰ ਪ੍ਰਗਟ ਕਰਦਾ ਹੈ, ਕਿਉਂਕਿ ਭਾਰਤ ਦੇ ਧਰਮ ਗ੍ਰੰਥਾਂ ਦੇ ਵਿਦਵਾਨਾਂ ਨੇ ਪ੍ਰਮਾਤਮਾ ਦੇ ਵਾਚਕ ਸ਼ਬਦ 'ਓਅਮ' ਦੀਆਂ ਕਈ ਪ੍ਰਕਾਰ ਦੀਆਂ ਵੰਡੀਆਂ ਪਾ ਦਿਤੀਆਂ ਸਨ ਜਿਵੇਂ ਕਿ ਨਿਰਗੁਣ ਤੇ ਸਰਗੁਣ ਜਾਂ ਬ੍ਰਹਮ ਤੇ ਮਾਇਆ ਜਾਂ ਪੁਰਸ਼ ਤੇ ਪ੍ਰਕ੍ਰਿਤੀ ਜਾਂ ਬ੍ਰਹਮਾ, ਬਿਸ਼ਨੂੰ ਅਤੇ ਸ਼ਿਵ ਜੀ ਆਦਿ।ਗੁਰੂ ਨਾਨਕ ਦੇਵ ਜੀ ਨੂੰ ਮਿਲੇ ਨਿਰੰਕਾਰ ਦੇ ਉਪਦੇਸ਼ ਵਿਚ ਇਹ ਦਰਸਾਇਆ ਗਿਆ ਹੈ ਕਿ ਪਰਮਾਤਮਾ ਦੇ ਤਿੰਨ ਰੂਪ ਨਹੀ

,ਕੇਵਲ ਇਕ ਹੀ ਹੈ। ਇਸੇ ਤਰ੍ਹਾਂ ਭਵਿੱਖ ਵਿਚ ਸ਼ਬਦ 'ਇਕ' ਨੂੰ ਮੁੜ ਵੰਡਿਆ ਜਾ ਸਕਦਾ ਸੀ, ਪਰ ਅੰਕ '੧' ਵੰਡਿਆ ਨਹੀ ਜਾ ਸਕਦਾ, ਅਖੰਡ ਹੈ। ਸਾਰੀ ਸ੍ਰਿਸਟੀ ਇਕ ਦਾ ਹੀ ਪਸਾਰਾ ਹੈ, ੧+੧ ਦੋ, ਅਤੇ ੧+੧+੧ ਤਿੰਨ ਬਣ ਜਾਂਦੇ ਹਨ। ਇਸੇ ਤਰ੍ਹਾਂ ੧ ਨੂੰ ੧ ਨਾਲ ਭਾਗ ਕਰ ਦੇਈਏ ਤਾਂ ੦ ਹੁੰਦਾ ਹੈ, ਫਿਰ ੧ ਨਾਲ ਸਿਫਰਾਂ ਲਗਾ ਦੇਣ ਨਾਲ ੧੦, ੧੦੦, ੧੦੦੦ ਅਤੇ ਅਨੰਤ ਰੂਪਾਂ ਵਿਚ ਫੈਲਦਾ ਹੋਇਆ ਆਪ ੧ ਦਾ ੧ ਹੀ ਰਹਿੰਦਾ ਹੈ। ਇਨ੍ਹਾਂ ਅਨੰਤ ਰੂਪਾਂ ਦੀ ਅਪਣੀ ਸੁਤੰਤਰ ਸੱਤਾ ਨਹੀਂ ਹੈ, ੧ ਦੀ ਸੱਤਾ ਨਾਲ ਹੀ ਇਨ੍ਹਾਂ ਦੀ ਹੋਂਦ ਹੈ। ਜੇ ੧ ਨੂੰ ਇਨ੍ਹਾਂ ਤੋਂ ਨਿਖੇੜ ਦੇਈਏ ਤਾਂ ਇਨ੍ਹਾਂ ਦੀ ਕੀਮਤ ਕੁਝ ਨਹੀ ਰਹਿੰਦੀ। ਇਕ ਦਾ ਵਿਸਥਾਰ ਮੂਲ ਮੰਤ੍ਰ, ਮੂਲ ਮੰਤ੍ਰ ਦਾ ਵਿਸਥਾਰ ਜਪੁ ਜੀ ਅਤੇ ਜਪੁ ਜੀ ਦਾ ਵਿਸਥਾਰ ਗੁਰੂ ਗ੍ਰੰਥ ਸਾਹਿਬ ਹੈ ਭਾਵ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਤੱਤ ਅੰਕ '੧' ਹੈ। ਨਿਰੰਕਾਰ, ਨਿਰਗੁਣ ਰੂਪ ਵਿਚ ਅਲੱਖ ਅਰੂਪ ਅਗਮ ਅਗੋਚਰ (ਨਾ ਜਾਣੇ ਜਾਣ) ਵਾਲੀ ਹੋਂਦ ਰਖਦਾ ਹੈ, ਪਰ ਇਸ ਦਾ ਭਾਵ ਇਹ ਨਹੀ ਕਿ ਨਿਰੰਕਾਰ ਦੀ ਕੋਈ ਹੋਂਦ ਹੀ ਨਹੀਂ। ਇਸ ਅਵਸਥਾ ਨੂੰ ਸੁਨ ਜਾਂ ਸਿਫਰ (ਸੁੰਨ ਜਾਂ ੦) ਬਿਆਨ ਕਰ ਸਕਦੇ ਹਾਂ। ਇਹ ੦ ਇਕ ਅਜੇਹੀ ਹੋਂਦ ਹੈ, ਜੋ ਬੇਅੰਤ ਸੰਭਾਵਨਾਵਾਂ ਦਾ ਭੰਡਾਰ ਹੈ, ਅਮੁੱਕ ਤੇ ਅਥਾਹ ਗੁਣਾਂ ਦਾ ਸੋਮਾ ਹੈ। ਇਹ ੦ ਨਿਰਗੁਣ ਪ੍ਰਮਾਤਮਾ ਦੀ ਲਖਾਇਕ ਹੈ, ਅਫੁਰ ਬ੍ਰਹਮ ਹੈ। ਜੁਗਾਂ ਜੁਗਾਂਤਰਾਂ, ਸਮਾਂ ਤੇ ਕਾਲ ਅਰੰਭ ਹੋਣ ਤੋਂ ਵੀ ਬਹੁਤ ਪਹਿਲਾਂ,'ਅਰਬਦ ਨਰਬਦ ਧੁੰਧੂਕਾਰਾ' ਵਾਲੀ ਦਸ਼ਾ ਵਿਚ ਨਿਰੰਕਾਰੀ ਜੋਤਿ ਦੀ ਹੋਂਦ ਇਸ ਨਿਰਗੁਣੀ ਹਾਲਤ ਵਿਚ ਸੀ {ਅੰਤਰਿ ਸੁੰਨੰ ਬਾਹਰਿ ਸੁੰਨੰ, ਤ੍ਰਿਭਵਣ ਸੁੰਨੰ ਮਸੁੰਨੰ ੯੪੩}। ਜਦੋਂ ਨਿਰਗੁਣ ਪਰਮਾਤਮਾ ਨੇ ਚਾਹਿਆ, ਉਹ ਅਫੁਰ ਅਵਸਥਾ ਤੋਂ ਸਫੁਰ ਹੋ ਗਿਆ। ਇਸ ਫੁਰਨੇ ਦੇ ਪ੍ਰਕਾਸ਼ ਹੋਣ ਨਾਲ ਉਹ ਸੁੰਨ ਅਵਸਥਾ ਵਾਲਾ ਨਿਰਗੁਣ ਪ੍ਰਮਾਤਮਾ '੧' ਵਾਲੇ ਸਰਗੁਣ ਸਰੂਪ ਵਿਚ ਪ੍ਰਗਟ ਹੋ ਗਿਆ। {ਅਵਗਤੋ ਨਿਰਮਾਇਲੁ ਉਪਜੇ, ਨਿਰਗੁਣ ਤੇ ਸਰਗੁਣੁ ਥੀਆ ੯੪੦}। ਇਸ ੧ ਵਾਲੀ ਸਰਗੁਣ ਅਵਸਥਾ ਨੇ ਸੁੰਨ (੦) ਵਾਲੀ ਨਿਰਗੁਣੀ ਅਵਸਥਾ ਦਾ ਅਭਾਵ ਨਹੀਂ ਕੀਤਾ, ਸੱਗੋਂ ੦ ਵਿਚੋਂ ਹੀ ੧ ਦਾ ਪ੍ਰਕਾਸ਼ ਹੋਇਆ ਅਤੇ ਅਜੇਹੇ ਪ੍ਰਕਾਸ਼ ਦੀਆਂ ਬੇਅੰਤ ਸੰਭਾਵਨਾਵਾਂ ੦ ਵਿਚ ਮੌਜੂਦ ਹਨ। ਇਸ ੦ ਵਿਚ ੧ ਮੌਜੂਦ ਹੈ ਅਤੇ ੧ ਵਿਚ ੦ ਮੌਜੂਦ ਹੈ =

ਜਬ ਉਦਕਰਖ ਕਰਾ ਕਰਤਾਰਾ। ਪ੍ਰਜਾ ਧਰਤ ਤਬ ਦੇਹ ਅਪਾਰਾ। ਜਬ ਆਕਰਖ ਕਰਤ ਹੋ ਕਬਹੂ।
ਤੁਮ ਮੈ ਮਿਲਤ ਦੇਹ ਧਰ ਸਭਹੂੰ (ਚੌਪਈ ਪਾ. ੧੦)।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ। ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ (ਜਾਪ ਸਾਹਿਬ ਪਾ. ੧੦)।

ਉਹ ਨਿਰੰਕਾਰ ੦ ਵਿਚ ਅਨਾਦਿ ਅਤੇ ੧ ਵਿਚ ਆਦਿ। ਇਹ ਉਤਪਤ ਅਤੇ ਪਰਲੈ ਵਾਲੀ ਦਸ਼ਾ ਦੇ ਦੋ ਨਾਂ ਹਨ, ਇਹ ਸਭ ਕੁਝ ਦੇਸ਼ ਕਾਲ ਵਿਚ ਹੁੰਦਾ ਹੈ। ਪਰ ਨਿਰਗੁਣ ਪ੍ਰਮਾਤਮਾ ਦੇਸ਼ ਕਾਲ ਤੋਂ ਪਰੇ ਨਿਰਲੇਪ ਤੇ ਅਪੋਹ ਰਹਿੰਦਾ ਹੋਇਆ ਵੀ ਅਪਣੀ ਪੈਦਾ ਕੀਤੀ ਰਚਨਾ ਵਿਚ ਓਤ ਪੋਤ ਹੈ, ਜਿਵੇਂ ੦ (ਸਿਫਰ) ੧ ਵਿਚ ਅਤੇ ੧ ਵਿਚ ੦ ਹੈ। (ਡਾ. ਸ਼ੇਰ ਸਿੰਘ ਰਚਿਤ ਜਪੁ ਜੀ ਦਰਸ਼ਨ ਵਿਚੋਂ ਕੁਝ ਅੰਸ਼)।

**ਅੰਕ '੧' ਦੇ ਅਰਥ** = ਗੁਰਬਾਣੀ ਦੇ ਟੀਕਾਕਾਰਾਂ ਨੇ '੧' ਦੇ ਹੇਠ ਲਿਖੇ ਅਰਥ ਕੀਤੇ ਹਨ ः- ਨਿਰਗੁਣ ਬ੍ਰਹਮ ਦਾ ਸੂਚਕ, ਅਦਵੈਤ (ਦਵੈਤ ਨਹੀਂ; ਦੂਜਾ ਕੋਈ ਨਹੀ), ਅਦੁਤੀ ਨਿਰਗੁਣ ਪਰਮਾਤਮਾ, ਇਕ ਅਕਾਲ ਪੁਰਖ, ਉਹ ਮੂਲ ਹਸਤੀ ਜੋ ਹਰ ਹਾਲ '੧' ਹੈ, ਅਦੁਤੀ (ਜਿਸਦੇ ਵਰਗਾ ਹੋਰ ਕੋਈ ਨਹੀ) ਅਬਦਲ (ਜੋ ਬਦਲਦਾ ਨਹੀ, ਸਦਾ ਇਕ ਰਸ ਰਹਿੰਦਾ ਹੈ), ਸ੍ਰਿਸਟੀ ਦਾ ਆਦਿ ਹੈ ਅਤੇ ਹਰ ਇਕ ਵਸਤੂ ਵਿਚ ਪ੍ਰਧਾਨ ਰੂਪ ਵਿਆਪਕ ਹੈ। (ਅੰਕ '੧' ਨਿਰੰਕਾਰ ਦਾ ਸਰਗੁਣ ਰੂਪ ਅਤੇ ਓਅੰਕਾਰ ਬ੍ਰਹਿਮੰਡ ਦੀ ਰਚਨਾ ਦਾ ਮੁੱਢ ਜਾਂ ਬੀਜ ਹੈ)।

**ਨੋਟ** ः- ਗੁਰਬਾਣੀ ਵਿਚ ਅਕਾਲ ਪੁਰਖ ਦੇ ਦੋ ਰੂਪ ਦਸੇ ਹਨ, ਰਚਨਾ ਤੋਂ ਪਹਿਲਾਂ ਵਾਲੇ ਸਰੂਪ ਨੂੰ ਨਿਰਗੁਣ ਕਿਹਾ ਹੈ, ਉਦੋਂ ਉਹ ਆਪੇ ਆਪ ਸੀ, ਹੋਰ ਕੁਝ ਵੀ ਨਹੀਂ ਸੀ, ਇਸ ਸਰੂਪ ਨੂੰ ਸੁੰਨ ਭਾਵ ਸਿਫਰ (੦) ਵੀ ਕਿਹਾ ਹੈ (ਹਿੰਦੀ ਤੇ ਸੰਸਕ੍ਰਿਤ ਵਿਚ ਸ਼ੂਨਯ, ਪ੍ਰਾਕ੍ਰਿਤਕ ਤੇ ਪੰਜਾਬੀ ਵਿਚ ਸੁੰਨ)। ਫਿਰ ਨਿਰੰਕਾਰ ਨੇ ਅਪਣੀ ਇੱਛਾ ਅਨੁਸਾਰ ਰਚਨਾ ਕੀਤੀ ਅਤੇ ਅਪਣੇ ਆਪ ਨੂੰ ਕੁਦਰਤ ਵਿਚ ਪ੍ਰਗਟਾਇਆ, ਨਿਰੰਕਾਰ ਦੇ ਇਸ ਰੂਪ ਨੂੰ ਸਰਗੁਣ ਕਿਹਾ ਹੈ। ਇਹ ਦੋਵੇਂ ਰੂਪ ਇਕੋ ਅਕਾਲ ਪੁਰਖ ਦੇ ਹਨ {ਨਿਰਗੁਨੁ ਆਪਿ ਸਰਗੁਨੁ ਭੀ ਓਹੀ ੨੮੭}। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦੀ ਪਹਿਲੀ ਪਉੜੀ ਵਿਚ ਇਹ ਦੋਵੇਂ ਰੂਪ ਸਪੱਸ਼ਟ ਕੀਤੇ ਹਨ। ਆਪੀਨੈ (ਨਿਰਗੁਣ ਨਿਰੰਕਾਰ ਨੇ) ਆਪੁ ਸਾਜਿਓ (ਨਿਰਗੁਣ ਤੋਂ ਸਰਗੁਣ ਹੋਇਆ ਭਾਵ ਨਿਰੰਕਾਰ ਤੋਂ ਏਕੰਕਾਰ ਹੋਇਆ), ਆਪੀਨੈ (ਸਰਗੁਣ ਹੋਏ ਨਿਰੰਕਾਰ ਭਾਵ ਏਕੰਕਾਰ ਨੇ) ਰਚਿਓ ਨਾਉ (ਓਅੰਕਾਰ ਧੁੰਨ ਅਲਾਪੀ ਭਾਵ ਨਾਮ ਜਾਂ ਸ਼ਬਦ ਰੂਪ ਵਿਚ ਪ੍ਰਗਟ ਹੋਇਆ)।

ਭਾਈ ਗੁਰਦਾਸ ਜੀ ਨੇ ਇਸ ਭਾਵ ਨੂੰ ਹੇਠ ਲਿਖੀ ਤੁਕ ਵਿਚ ਇਉਂ ਲਿਖਿਆ ਹੈ =

ਗੁਰਮੁਖਿ ਏਕੰਕਾਰ, ਆਪਿ ਉਪਾਇਆ। ਓਅੰਕਾਰਿ ਆਕਾਰੁ ,ਪਰਗਟੀ ਆਇਆ (ਵਾਰ ੧੯-੧)।

ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਵਿਚੋਂ ਅੰਕ '੧' ਦੇ ਅਰਥ ਸਾਫ ਪ੍ਰਗਟ ਹੋ ਰਹੇ ਹਨ।
ਸੂਰਜ ਏਕੋ ਰੁਤਿ ਅਨੇਕ।ਨਾਨਕ ਕਰਤੇ ਕੇ ਕੇਤੇ ਵੇਸ (੧੨)।
ਏਕੋ ਪਵਣੁ ਮਾਟੀ ਸਭ ਏਕਾ, ਸਭ ਏਕਾ ਜੋਤਿ ਸਬਾਈਆ।ਸਭ ਇਕਾ ਜੋਤਿ ਵਰਤੈ ਭਿਨਿ ਭਿਨਿ, ਨ ਰਲਈ ਕਿਸੈ ਦੀ ਰਲਾਈਆ (੯੬)।ਇਕਸੁ ਤੇ ਹੋਇਓ ਅਨੰਤਾ, ਨਾਨਕ ਏਕਸੁ ਮਾਹਿ ਸਮਾਇ ਜੀਉ (੧੩੧)।
ਦੂਜਾ ਕਉਣ ਕਹਾ ਨਹੀ ਕੋਈ।ਸਭ ਮਹਿ ਏਕ ਨਿਰੰਜਨ ਸੋਈ (੨੨੩)।
ਨਿਰੰਕਾਰ ਅਕਾਰ ਆਪਿ, ਨਿਰਗੁਨ ਸਰਗੁਨ ਏਕ।ਏਕਹਿ ਏਕ ਬਖਾਨਨੋ, ਨਾਨਕ ਏਕ ਅਨੇਕ (੨੫੦)।
ਏਕਹਿ ਤੇ ਸਗਲਾ ਬਿਸਥਾਰਾ (੨੫੧)।ਸਾਹਿਬੁ ਮੇਰਾ ਏਕੋ ਹੈ।ਏਕੋ ਹੈ ਭਾਈ, ਏਕੋ ਹੈ (੩੫੦)।
ਰਵਿ ਰਹਿਆ ਏਕੁ ,ਅਵਰੁ ਨਹੀ ਦੂਆ (੪੨੮)।ਤੂੰ ਕਰਤਾ ਤੂ ਕਰਣਹਾਰੁ ,ਤੂ ਹੈ ਏਕੁ ਅਨੇਕ ਜੀਉ (੭੬੨)।
ਆਪਿ ਅਕਾਰੁ ਆਪਿ ਨਿਰੰਕਾਰੁ (੮੬੩)।ਏਕ ਮਹਿ ਸਰਬ, ਸਰਬ ਮਹਿ ਏਕਾ, ਇਹ ਸਤਿਗੁਰਿ ਦੇਖਿ ਦਿਖਾਈ (੯੦੭)।
ਏਕੰਕਾਰੁ ਅਵਰੁ ਨਹੀਂ ਦੂਜਾ, ਨਾਨਕ ਏਕੁ ਸਮਾਈ (੯੩੦)।ਇਸੁ ਏਕੇ ਕਾ ਜਾਣੈ ਭੇਉ।ਆਪੇ ਕਰਤਾ ਆਪੇ ਦੇਉ (੯੩੦)।
ਤਰਵਰੁ ਏਕੁ ,ਅਨੰਤ ਡਾਰਿ ਸਾਖਾ ਪੁਪ ਪਤ੍ਰ ਰਸ ਭਰੀਆ (੯੭੦)।
ਸਹਸ ਨੇਤ੍ਰ ,ਨੇਤ੍ਰ ਹੈ ਪ੍ਰਭ ਕਉ ,ਪ੍ਰਭ ਏਕੋ ਪੁਰਖੁ ਨਿਰਾਰੇ।ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ,ਪ੍ਰਭੁ ਏਕੋ ਗੁਰਮਤਿ ਤਾਰੇ (੯੮੦)।
ਏਕ ਕਵਾਵੈ ਤੇ ਸਭ ਹੋਆ (੧੦੦੩)।ਤੇਰੀ ਮੂਰਤਿ ਏਕਾ ਬਹੁਤ ਰੂਪ (੧੧੬੮)।ਏਕੋ ਕਰਤਾ ਜਿਨਿ ਜਗੁ ਕੀਆ (੧੧੮੮)।
ਓਅੰਕਾਰਿ ਏਕੋ ਰਵਿ ਰਹਿਆ, ਸਭੁ ਏਕਸ ਮਾਹਿ ਸਮਾਵੈਗੋ।ਏਕੋ ਰੂਪੁ ,ਏਕੋ ਬਹੁ ਰੰਗੀ, ਸਭੁ ਏਕਤੁ ਬਚਨਿ ਚਲਾਵੈਗੋ (੧੩੧੦)।
ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ੧ ਅਕਾਲ ਪੁਰਖ = ਇਕ ਬਿਨ ਦੂਸਰ ਸੋ ਨ ਚਿਨਾਰ (ਪਾ.੧੦)।
ਅਨੇਕ ਹੈਂ।ਫਿਰਿ ਏਕ ਹੈਂ।(ਜਾਪ ਸਾਹਿਬ ਪਾ. ੧੦)।ਏਕ ਮੂਰਤਿ ਅਨੇਕ ਦਰਸਨ, ਕੀਨ ਰੂਪ ਅਨੇਕ।ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ (ਜਾਪ ਸਾਹਿਬ ਪਾ. ੧੦)।
ਪ੍ਰਜਵੋ ਆਦਿ ਏਕੰਕਾਰਾ (ਅਕਾਲ ਉਸਤਤਿ ਪਾ.੧੦)।ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਭੈ ਏਕੈ ਜੋਤਿ ਜਾਨਬੋ (ਅਕਾਲ ਉਸਤਤਿ ਪਾ. ੧੦)।ਏਕਹਿ ਆਪ ਸਭਨ ਮੋ ਬਿਆਪਾ (ਚਉਬੀਸ ਅਵਤਾਰਾ ਪਾ.੧੦)।
ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ੧ ਦੀ ਵਿਆਖਿਆ = ਏਕਾ ਏਕੰਕਾਰੁ ਲਿਖਿ ਦੇਖਾਲਿਆ।ਊੜਾ ਓਅੰਕਾਰੁ ਪਾਸਿ ਬਹਾਲਿਆ।(ਵਾਰ ੩-੧੫)।ਨਿਰਾਧਾਰ ਨਿਰੰਕਾਰੁ ,ਨ ਅਲਖੁ ਲਖਾਇਆ।ਹੋਆ ਏਕੰਕਾਰ, ਆਪੁ ਉਪਾਇਆ (ਵਾਰ ੨੨-੧)।
ਨਿਰੰਕਾਰੁ ਆਕਾਰੁ ਹੋਇ, ਏਕੰਕਾਰੁ ਅਪਾਰੁ ਸਦਾਇਆ।ਏਕੰਕਾਰਹੁੰ ਸਬਦ ਧੁਨਿ, ਓਅੰਕਾਰ ਅਕਾਰੁ ਬਣਾਇਆ (ਵਾਰ ੨੬-੨)।
ਨਿਰੰਕਾਰ ਏਕੰਕਾਰ ਹੋਇ, ਓਅੰਕਾਰ ਅਕਾਰ ਅਪਾਰਾ (ਵਾਰ ੨੯-੧੯)।

ਏਕੰਕਾਰ ਇਕਾਂਗ ਲਿਖਿ, ਊੜਾ ਓਅੰਕਾਰ ਲਖਾਇਆ (ਵਾਰ ੩੯-੧)।

ਓ = ਇਸ ਪਦ ਦਾ ਉਚਾਰਣ ਓਅੰਕਾਰ ਕਰਨਾ ਸ਼ੁੱਧ ਹੈ ਅਤੇ ੴ ਦਾ ਉਚਾਰਣ ਇਕ ਓਅੰਕਾਰ ਕਰਨਾ ਹੈ।(ਏਕੰਕਾਰ ਜਾਂ ਇਕ ਓਮਕਾਰ ਜਾਂ ਏਕੰਗਕਾਰ ਜਾਂ ਏਕ ਓਂਕਾਰ ਜਾਂ ਇਕ ਓ ਕਰਨਾ ਅਸ਼ੁੱਧ ਹੈ)।'ਓਅੰਕਾਰ' ਸ਼ਬਦ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਪ੍ਰਚਲਤ ਸੀ, ਪਰ ਓਅੰਕਾਰ ਦੇ ਊੜੇ ਨੂੰ ਉਪਰੋਂ ਖੋਲ੍ਹ ਕੇ 'ਓ' ਕੇਵਲ ਗੁਰਬਾਣੀ ਵਿਚ ਹੀ ਵਰਤਿਆ ਮਿਲਦਾ ਹੈ। ਗੁਰਬਾਣੀ ਵਿਚ ਓਅੰਕਾਰ, ਓਨਮ ਅਤੇ ਓਅੰ ਤਿੰਨਾਂ ਦਾ ਪ੍ਰਯੋਗ ਕੀਤਾ ਹੋਇਆ ਮਿਲਦਾ ਹੈ।ਜਿਵੇਂ ਃ- ਓਅੰਕਾਰ = ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰ ਕੀਆ ਜਿਨਿ ਚਿਤਿ।(੯੨੯)।
ਓਨਮ = ਓਨਮ ਅਖਰ ਸੁਣਹੁ ਬੀਚਾਰੁ।ਓਨਮ ਅਖਰੁ ਤ੍ਰਿਭਵਣ ਸਾਰੁ।(੯੩੦)।
ਓਅੰ = ਓਅੰ ਸਾਧ ਸਤਿਗੁਰ ਨਮਸਕਾਰੰ (੨੫੦)।ਓਅੰ ਗੁਰਮੁਖਿ ਕੀਓ ਅਕਾਰਾ।ਏਕਹਿ ਸੂਤਿ ਪਰੋਵਨਹਾਰਾ (੨੫੦)।
ਓਅੰਕਾਰ (ਓਂਕਾਰ, ਓਨਮ ਅਤੇ ਓਅੰ) ਨੂੰ ਸੰਸਕ੍ਰਿਤ ਦੇ ਓਮ ਦਾ ਹੀ ਰੂਪਾਂਤਰ ਅਤੇ ਸਮਾਨ ਅਰਥਾਂ ਵਾਲਾ ਕਿਹਾ ਗਿਆ ਹੈ।ਵੇਦਾਂ ਵਿਚ ਕੇਵਲ ਓਮ ਦਾ ਹੀ ਪ੍ਰਯੋਗ ਮਿਲਦਾ ਹੈ, ਪਰ ਉਪਨਿਸ਼ਦਾਂ ਅਤੇ ਭਾਗਵਤ ਗੀਤਾ ਵਿਚ ਓਮ ਅਤੇ ਓਂਕਾਰ ਦੋਹਾਂ ਦੀ ਵਰਤੋਂ ਕੀਤੀ ਮਿਲਦੀ ਹੈ।ਓਮ ਦੇ ਨਾਲ 'ਕਾਰ' ਪਿਛੇਤਰ ਲਾਉਣ ਕਰਕੇ ਓਅੰਕਾਰ ਸ਼ਬਦ ਬਣਿਆ ਹੈ।ਸਿੱਖ ਵਿਦਵਾਨਾਂ ਨੇ 'ਕਾਰ' ਦੇ ਇਹ ਅਰਥ ਕੀਤੇ ਹਨ = ਇਕ ਰਸ ਜਿਸ ਵਿਚ ਕੋਈ ਤਬਦੀਲੀ ਨਾ ਆਵੇ, ਰੇਖਾ (ਲਕੀਰ), ਅਕਾਲ ਪੁਰਖ ਦੀ ਸਰਬ ਵਿਦਮਾਨਤਾ (ਮੌਜੂਦਗੀ)।ਓਅੰ ਦੇ ਪਿਛੇ ਲਗੇ 'ਕਾਰ' ਦੇ ਅਰਥ ਇਹ ਵੀ ਕੀਤੇ ਗਏ ਹਨ = ਓਅੰ ਦੀ ਧੁਨੀ ਨੂੰ ਪ੍ਰਗਟ ਕਰਨ ਵਾਲਾ ਅੱਖਰ।
ਓਮ ਦੇ ਅਰਥ = ਪ੍ਰਸਿੱਧ ਕੋਸ਼ਕਾਰ ਮੋਨੀਅਰ ਵਿਲੀਅਮ, ਆਪਟੇ, ਦੁਆਰਕਾ ਪ੍ਰਸ਼ਾਦ ਸ਼ਰਮਾ, ਰਾਮ ਚੰਦ੍ਰ ਵਰਮਾ, ਮੁਕੰਦੀ ਲਾਲ ਸ੍ਰੀ ਵਾਸਤਵ, ਜੋਨ ਡਸਨ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਓਮ ਦੇ ਨਿਮਨ ਲਿਖਤ ਅਰਥ ਕੀਤੇ ਹਨ ਃ-

ਰੱਖਿਆ ਕਰਨਾ, ਫੈਲਣਾ। ਜਾਂ ਰਖਿਅਕ, ਮਿਤ੍ਰ, ਸਹਾਇਕ ਅਤੇ ਮਿਹਰਵਾਨ ਵੀ ਅਰਥ ਕੀਤੇ ਗਏ ਹਨ। ਡਾ. ਪ੍ਰਮਾਨੰਦ ਨੇ ਗਤੀ, ਕ੍ਰਾਂਤੀ, ਸਮਰੱਥ, ਵ੍ਰਿਧੀ ਆਦਿ ਅਰਥ ਕੀਤੇ ਹਨ। ਓਮ ਦੀ ਮਾਤ੍ਰਿਕ ਵੰਡ = ਉਪਨਿਸ਼ਦਾਂ, ਕੋਸ਼ਾਂ ਅਤੇ ਗ੍ਰੰਥਾਂ ਵਿਚ ਓਮ ਨੂੰ ਤਿੰਨ ਮਾਤ੍ਰਾ ਵਿਚ ਵੰਡ ਕੇ ਤਿੰਨ ਦੇਵਤਿਆਂ, ਤਿੰਨ ਮੰਡਲਾਂ ਜਾਂ ਤਿੰਨ ਗੁਣਾਂ ਨਾਲ ਸਬੰਧਤ ਕੀਤਾ ਗਿਆ ਹੈ। ਤਿੰਨ ਮਾਤ੍ਰਾ ਅ, ੳ, ਮ, = ਜੀਵ, ਆਤਮਾ ਅਤੇ ਬ੍ਰਹਮ ਜਾਂ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀਆਂ ਲਖਾਇਕ ਹਨ ਜਾਂ ਰਜੋ, ਸਤੋ, ਅਤੇ ਤਮੋ ਗੁਣ। ਹਿੰਦੀ ਵਿਸ਼ਵ ਕੋਸ਼ ਅਨੁਸਾਰ ਸ੍ਰਿਸਟੀ ਦੇ ਆਦਿ ਵਿਚ ਸਭ ਤੋਂ ਪਹਿਲਾਂ 'ਓਅੰਕਾਰ' ਰੂਪ ਪ੍ਰਣਵ ਦਾ ਹੀ ਸਫੁਰਣ ਹੁੰਦਾ ਹੈ। ਮਾਂਡੂਕ ਉਪਨਿਸ਼ਦ ਅਨੁਸਾਰ 'ਓਮ'ਸ਼ਬਦ ਬ੍ਰਹਮ ਹੈ, ਸਾਰਾ ਬ੍ਰਹਮੰਡ ਇਸ ਓਮ ਅੱਖਰ ਦਾ ਹੀ ਪ੍ਰਕਾਸ਼ਮਾਨ ਸਰੂਪ ਹੈ। ਸਾਰਾ ਕੁਝ, ਹੋਂਦ, ਅਣਹੋਂਦ, ਕਾਲ, ਅਕਾਲ ਓਮ ਹੀ ਹੈ। ਭਾਗਵਤ ਗੀਤਾ ਵਿਚ ਓਮ ਨੂੰ ਅਬਿਨਾਸ਼ੀ ਅੱਖਰ ਅਤੇ ਗੀਤਾ ਵਿਚ ਮੁਕਤੀ ਅਤੇ ਪਰਮ ਗਤੀ ਹਾਸਲ ਕਰਨ ਦਾ ਸਾਧਨ ਦਸਿਆ ਹੈ। ਪਤੰਜਲੀ ਯੋਗ ਸੂਤਰਾਂ ਵਿਚ ਓਮ ਨੂੰ ਪ੍ਰਣਵ ਰੂਪ ਵਿਚ ਅਨੰਤ ਬ੍ਰਹਮ ਦਾ ਵਾਚਕ ਕਿਹਾ ਹੈ। ਬੋਧੀ ਓਮ ਨੂੰ ਅਪਣੇ ਪਵਿਤ੍ਰ ਮੰਤ੍ਰ (ਓਮ ਮਣੀ ਪਦਮੇ ਹੂ) ਦੇ ਅਰੰਭ ਵਿਚ ਰਖਦੇ ਹਨ ਅਤੇ ਜੈਨੀ (ਓਂ ਸਿਧਾਯਨਮ) ਵਿਚ ਵੀ ਓਮ ਨੂੰ ਵਰਤਦੇ ਹਨ। ਸਮੇਂ ਦੀ ਚਾਲ ਨਾਲ ਹਿੰਦੂ ਵਿਚਾਰਧਾਰਾ ਵਿਚ 'ਓਮ' ਦੀ ਉਪਨਿਸ਼ਦਾਂ ਵਾਲੀ ਆਤਮਕ ਅਤੇ ਅਧਿਆਤਮਕ ਦ੍ਰਿਸਟੀ ਲੋਪ ਹੁੰਦੀ ਗਈ ਅਤੇ ਰਸਮੀ ਕਰਮ ਕਾਂਡੀ ਵਰਤੋਂ ਪ੍ਰਧਾਨ ਹੋ ਗਈ। ਓਮ ਦੀਆਂ ਤਿੰਨ ਚਾਰ ਜਾਂ ਬਹੁਤ ਸਾਰੀਆਂ ਮਾਤ੍ਰਾਵਾਂ ਪ੍ਰਚਲਤ ਹੋ ਗਈਆਂ ਅਤੇ ਇਸ ਅਧੋਗਤੀ ਵਾਲੀ ਹਾਲਤ ਵਿਚ ਓਮ ਦੇ ਅਸਲੀ ਅਧਿਆਤਮਕ ਅਰਥ ਅਤੇ ਲਕਸ਼ ਅਲੋਪ ਹੋ ਗਏ। ਓਮ ਦੀ ਪਵਿਤ੍ਰਤਾ ਨੂੰ ਕਰਮਕਾਂਡੀ ਅਰਥਾਂ ਵਿਚ ਪ੍ਰਚਲਤ ਕਰ ਕੇ ਇਸ ਦਾ ਜਾਪ ਅਤੇ ਸਰਵਣ ਉਚੀਆਂ ਜਾਤਾਂ ਤਕ ਹੀ ਸੀਮਤ ਕਰ ਦਿਤਾ ਗਿਆ, ਪਰ ਵੇਦਾਂ ਅਤੇ ਉਪਨਿਸ਼ਦਾਂ ਵਿਚ ਅਜੇਹਾ ਕੋਈ ਹਵਾਲਾ ਨਹੀਂ ਮਿਲਦਾ। ਨੀਵੀਆਂ ਜਾਤਾਂ ਲਈ 'ਓਮ' ਦੀ ਜਗ੍ਹਾ 'ਔਮ'ਨਿਸਚਿਤ ਕੀਤਾ ਗਿਆ। ਬ੍ਰਹਮਣਾਂ ਨੇ ਰੱਬ ਵਲੋਂ ਉਤਰੇ ਹੋਏ ਵੇਦ ਗ੍ਰੰਥਾਂ ਦਾ ਇਕ ਵੀ ਸ਼ਬਦ ਨੀਵੀ ਜਾਤੀ ਦੇ ਲੋਕਾਂ ਦੇ ਕੰਨਾਂ ਲਈ ਸੁਣਨਾ ਮਹਾਂ ਅਪਰਾਧ ਕਰਾਰ ਦੇ ਦਿਤਾ। ਓਮ ਦੀ ਉਪਾਸ਼ਨਾ ਇਸਤ੍ਰੀਆਂ ਲਈ ਵੀ ਮਨ੍ਹਾਂ ਸੀ। ਇਹ ਗੁਪਤ ਮੰਤ੍ਰ ਸਮਝਿਆ ਜਾਂਦਾ ਹੈ ਅਤੇ ਕੇਵਲ ਅਧਿਕਾਰੀ ਨੂੰ ਹੀ ਦੇਣ ਦਾ ਵਿਧਾਨ ਹੈ।

**ਸਿੱਖ ਧਰਮ ਦੇ ਗ੍ਰੰਥਾਂ ਵਿਚ ਓਅੰਕਾਰ** = ਬਹੁਤੇ ਸੰਪ੍ਰਦਾਈ ਵਿਦਵਾਨਾਂ ਨੇ ਓਅੰਕਾਰ ਦੀ ਵਿਆਖਿਆ ਹਿੰਦੂ ਮੱਤ ਅਨੁਸਾਰ ਕੀਤੀ ਹੈ। ਸੰਪ੍ਰਦਾਈ ਸ਼੍ਰੇਣੀ ਵਿਚ ਨਿਰਮਲੇ, ਉਦਾਸੀ, ਸੇਵਾ ਪੰਥੀ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਇਨ੍ਹਾਂ ਉਤੇ ਵੇਦਾਂਤ ਅਤੇ ਵੈਸ਼ਨਵਾਂ ਦਾ ਪ੍ਰਭਾਵ ਪ੍ਰਤੱਖ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਸਿੰਘਾਂ ਨੂੰ ਕਾਂਸ਼ੀ ਬਨਾਰਸ ਪੰਡਤਾਂ ਕੋਲ ਵਿਦਿਆ ਪੜ੍ਹਨ ਲਈ ਭੇਜਿਆ, ਹਿੰਦੂ ਗ੍ਰੰਥਾਂ ਦਾ ਪ੍ਰਭਾਵ ਵਿਦਿਆ ਹਾਸਲ ਕਰਨ ਵਾਲਿਆਂ ਉਪਰ ਪੈਣਾ ਕੁਦਰਤੀ ਸੀ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਪੰਥ ਤੇ ਬੜੀ ਬਿਪਤਾ ਦਾ ਸਮਾਂ ਆਇਆ, ਹਕੂਮਤ ਨੇ ਸਿਖਾਂ ਦਾ ਖੁਰਾ ਖੋਜ ਮਿਟਾਉਣ ਦੀ ਠਾਣੀ ਹੋਈ ਸੀ। ਐਸੇ ਬਿਪਤਾ ਦੇ ਸਮੇਂ ਵਿਚ ਨਿਰਮਲੇ ,ਉਦਾਸੀ ਅਤੇ ਸੇਵਾ ਪੰਥੀ ਸੰਤਾਂ ਨੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ। ਆਮ ਲੋਕਾਂ ਉਪਰ ਵੀ ਹਿੰਦੂ ਮੱਤ ਅਤੇ ਹਿੰਦੂ ਅਵਤਾਰਾਂ ਦਾ ਬਹੁਤ ਪ੍ਰਭਾਵ ਸੀ। ਮੇਰਾ ਖਿਆਲ ਹੈ ਕਿ ਉਸ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨ ਵਾਲੇ ਇਨ੍ਹਾਂ ਨਿਰਮਲੇ, ਉਦਾਸੀ ਅਤੇ ਸੇਵਾ ਪੰਥੀ ਸੰਤਾਂ ਨੇ ਗੁਰਮੱਤ ਨੂੰ ਸਨਾਤਨੀ ਰੰਗ ਦੇ ਕੇ ਪ੍ਰਚਾਰਨਾ ਅਰੰਭ ਕੀਤਾ ਹੋਵੇਗਾ। ਗੁਰਬਾਣੀ ਵਿਚ ਹਿੰਦੂ ਅਵਤਾਰਾਂ ਅਤੇ ਹਿੰਦੂ ਮਤ ਨਾਲ ਸਬੰਧਤ ਹੋਰ ਬਹੁਤ ਸਾਰੇ ਵਿਚਾਰਾਂ ਦਾ ਜਿਕਰ ਆਉਂਦਾ ਹੈ। ਗੁਰਬਾਣੀ ਦੀ ਵਿਆਖਿਆ ਕਰਨ ਸਮੇਂ ਗੁਰੂ ਸਾਹਿਬਾਨਾਂ ਅਤੇ ਗੁਰਬਾਣੀ ਵਿਚ ਆਏ ਭਗਤਾਂ ਦੇ ਵੇਲੇ ਦੇ ਸਭਿਆਚਾਰ, ਲੋਕਾਂ ਦੇ ਧਾਰਮਕ ਵਿਸ਼ਵਾਸ਼, ਸਮਾਜਕ ਅਤੇ ਰਾਜਸੀ ਹਾਲਾਤਾਂ ਨੂੰ ਵੀ ਵਿਚਾਰਨ ਦੀ ਜਰੂਰਤ ਹੁੰਦੀ ਹੈ। ਕਿਉਂਕਿ ਗੁਰੂ ਜੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤਾਂ ਦਾ ਵਾਹ ਜਿਆਦਾ ਤਰ ਪੰਡਤਾਂ, ਜੋਗੀਆਂ ਅਤੇ ਹਿੰਦੂ ਧਰਮ ਦੇ ਹੋਰ ਸਾਧੂਆਂ ਸੰਤਾਂ ਨਾਲ ਪੈਂਦਾ ਰਿਹਾ ਹੈ, ਇਨ੍ਹਾਂ ਨਾਲ ਵਿਚਾਰ ਵਿਟਾਂਦਰੇ ਸਮੇਂ ਉਨ੍ਹਾਂ ਦੇ ਧਾਰਮਕ ਵਿਸ਼ਵਾਸ ਦੀ ਚਰਚਾ ਵੀ ਹੋਣੀ ਹੀ ਸੀ। ਪਰ ਨਾਲ ਦੀ ਨਾਲ ਗੁਰੂ ਜੀ ਅਤੇ ਭਗਤਾਂ ਨੇ ਅਪਣਾ ਮੱਤ ਵੀ ਉਨ੍ਹਾਂ ਦੇ ਅੱਗੇ ਰੱਖਿਆ। ਉਪਰ ਦਸਿਆ ਜਾ ਚੁਕਾ ਹੈ ਕਿ ਓਅੰਕਾਰ ਨੂੰ ਦੇਵੀ ਦੇਵਤਿਆਂ ਦੀ ਸ਼ਕਤੀ ਅਤੇ ਤਿਨੇਕਿਆਂ ਆਦਿ ਦੇ ਰੂਪ ਵਿਚ ਵੰਡਿਆ ਜਾ ਚੁਕਾ ਸੀ।

**ਓਅੰਕਾਰ ਦੀ ਸਨਾਤਨੀ ਵਿਆਖਿਆ ਕਰਨ ਵਾਲੇ ਵਿਦਵਾਨ** ਫ਼- (ੳ) ਭਾਈ ਮਨੀ ਸਿੰਘ ਜੀ 'ਗਿਆਨ ਰਤਨਾਵਲੀ' ਵਿਚ ਲਿਖਦੇ ਹਨ, ਓਅੰ ਆਪ ਧੁਨੀ ਕੀਤੀ ਤਾਂ ਅਰਧ ਚੰਦ੍ਰਕਾ ਮਾਇਆ ਹੋਈ, ਮਾਇਆ ਤੋਂ ਤਿੰਨ ਦੇਵਤੇ ਹੋਏ। ਊੜੇ ਵਿਚੋਂ ਬ੍ਰਹਮਾ ਹੋਇਆ, ਆਇੜੇ ਵਿਚੋਂ ਬਿਸ਼ਨੂੰ ਅਤੇ ਮੰਮੇ ਵਿਚੋਂ ਮਹਾਂ ਦੇਉ ਹੋਇਆ। (ਅਗੇ ਇਨ੍ਹਾਂ ਦੇ ਕਾਰਜਾਂ ਦੀ ਵਿਆਖਿਆ ਹੈ)।

(ਅ) ਪੰਡਤ ਤਾਰਾ ਸਿੰਘ ਨਰੋਤਮ (ਗੁਰਮਤ ਨਿਰਣਯ ਸਾਗਰ)। ਓਅੰਕਾਰ ਤਾਂ ਓਮ ਦਾ ਹੀ ਰੂਪ ਹੈ ਅਤੇ ਇਸ ਦੇ ਆਦਿ ਵਿਚ ਏਕੜਾ ਅੰਕ ਇਸ ਕਰਕੇ ਲਾਇਆ ਹੈ ਕਿ ਇਸ ਨੂੰ ਨੀਵੀਆਂ ਜਾਤੀਆਂ ਅਤੇ ਇਸਤ੍ਰੀਆਂ ਪੜਦੇ ਨਾਲ ਜਪ ਸਕਣ। ਬੇਦ ਮੇਂ ਲਿਖਿਆ ਹੈ ਸਭ ਵਰਣੋਂ ਕੀ ਇਸਤ੍ਰੀਆਂ ਅਰ ਸ਼ੂਦ੍ਰ ਵੇਦ ਨਾ ਪੜੇਂ ਔਰ ਓਅੰ ਸ਼ਬਦ ਸਰਬ ਬੇਦ ਕਾ ਸਾਰ ਹੈ। ਸਤਿਗੁਰੂ ਜੀ ਬੇਦ ਮਰਿਆਦਾ ਕੇ

ਸਥਾਪਕ ਹੈਂ।
(ੲ) ਗਿਆਨੀ ਬਦਨ ਸਿੰਘ (ਫਰੀਦਕੋਟ ਟੀਕਾ)।ਓਂ ਸਮਦਾਇ ਕੇ ਤੀਨ ਅਵੈਵ ਹੈਂ।ਅਕਾਰ ਮਾਤ੍ਰਾ ਕਾ ਅਰਥ ਵਿਰਾਟ ਈਸ਼ਵਰ ਔਰ ਜਾਗ੍ਰਿਤ ਅਵਸਥਾ।...ਦੂਜੀ ਮਾਤ੍ਰਾ ਉਕਾਰ – ਹਿਰਨ ਗਰਭ ਈਸ਼ਵਰ ਤੈਜਸ, ਸੂਖਮ ਸਰੀਰ, ਸਵੱਪਨ ਅਵਸਥਾ।ਤੀਸਰੀ – ਮਾਯਾ ਪਤੀ ਈਸ਼ਵਰ, ਪ੍ਰਾਗਯ, ਜੀਵ, ਕਾਰਣ ਸਰੀਰ, ਸੁਖਪਤੀ ਅਵਸਥਾ...।
(ਸ) ਭਾਈ ਸੰਤੋਖ ਸਿੰਘ ਜੀ (ਕਰਤਾ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ) ਸ੍ਰੀ ਜਪੁ ਸਾਹਿਬ ਸਟੀਕ (ਗਰਬ ਗੰਜਨੀ ਟੀਕਾ)।ਪ੍ਰਥਮ ਸਿਧਾਂਤ ਹਿਰੰਨ ਗਰਭ ਕਾ ਬ੍ਰਹਮਾ ਜੀ ਕਾ ਕਹਿਆ ਹੋਇਆ।ਓਅੰਕਾਰ ਕੇ ਨਵ ਰੂਪ ਹੈਂ ਃ– ਤ੍ਰਿਮਾਤ੍ਰਾ ਰੂਪ, ਤ੍ਰਿ ਬ੍ਰਹਮ ਰੂਪ, ਤ੍ਰਿ ਅਖਰ ਰੂਪ।ਪਤੰਜਲੀਓਂ ਕਾ ਮਤ ਭੀ ਐਸੇ ਹੀ ਹੈ, ਕਪਲ ਮੁਨੀ ਜੀ, ਸਾਂਖ ਸਾਸਤ੍ਰ ਕੇ ਕਰਤਾ, ਸੋ ਕਹਤ ਹੈਂ – ਤ੍ਰਿਗਯਾਨ ਰੂਪ, ਤ੍ਰਿਗੁਨ ਰੂਪ, ਤ੍ਰਿਕਾਰਨ ਰੂਪ..।ਅੰਤ ਵਿਚ ਲਿਖਦੇ ਹਨ ਕਿ 'ਓਅੰਕਾਰ ਪਾਰਬ੍ਰਹਮ ਰੂਪ ਹੈ, ਅਮਾਤ੍ਰ ਭੀ, ਅਨੰਤ ਮਾਤ੍ਰ ਰੂਪ ਭੀ ਹੈ।
ਸਨਾਤਨੀ ਮੱਤ ਤੋਂ ਮੁਕਤ ਹੋ ਕੇ ਕੁਝ ਵਿਦਵਾਨਾਂ ਨੇ 'ਓਅੰਕਾਰ' ਸ਼ਬਦ ਦੇ ਹੇਠ ਲਿਖੇ ਅਰਥ ਵੀ ਕੀਤੇ ਹਨ ਃ–
(ੳ) ਓਅੰਕਾਰ = ਨਿਰਗੁਣ ਬ੍ਰਹਮ, ਓਅੰਕਾਰ ਜਾਂ ਪ੍ਰਣਵ ਅਕਾਲ ਪੁਰਖ ਦਾ ਵਾਚਕ ਹੈ, ਓਅੰਕਾਰ ਅਕਾਲ ਪੁਰਖ ਦੇ ਨਿਰਾਕਾਰ ਗੁਣ ਦਾ ਸੂਚਕ ਸ਼ਬਦ ਹੈ।
(ਅ) ਓਅੰਕਾਰ = ਸਰਗੁਣ ਬ੍ਰਹਮ ਅਰਥਾਤ ਈਸ਼ਵਰ, ਸ੍ਰਿਸਟੀ ਦੇ ਘਟ ਘਟ ਵਿਚ ਵਿਆਪਕ ਪ੍ਰਮਾਤਮਾ।
(ੲ) ਓਅੰਕਾਰ = ਰੱਖਿਆ ਕਰਨਾ, ਬਚਾਉਣਾ, ਫੈਲਣਾ, ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਦਾ ਬੋਧਕ।
(ਸ) ਸਾਰੀ ਸ੍ਰਿਸਟੀ ਅਤੇ ਬ੍ਰਹਮਾ ਆਦਿ ਸਾਰੇ ਦੇਵਤਿਆਂ ਦਾ ਰਚਣਹਾਰ, ਸਾਰੀ ਰਚਨਾ ਦਾ ਅਧਾਰ।
(ਹ) ਓਅੰਕਾਰ = ਨਿਰਗੁਣ – ਸਰਗੁਣ ਦੋਵੇਂ ਹੈ, ਸਾਰੀ ਰਚਨਾ ਦਾ ਮੁੱਢ ਮੂਲ ਅਤੇ ਫੇਰ ਸਾਰੇ ਪਸਾਰੇ ਵਿਚ ਵਿਆਪਕ ਕਰਤਾ।
(ਕ) ਓਅੰਕਾਰ = ਓਅੰ ਧੁਨੀ, ਓਮ ਦੀ ਪਵਿਤ੍ਰ ਧੁਨੀ, ਅਕਾਲ ਪੁਰਖ ਦੀ ਸੱਤਤਾ (ਸ਼ਕਤੀ) ਅਥਵਾ ਅਕਾਲ ਪੁਰਖ ਦੀ ਹੋਂਦ ਨੂੰ ਜਨਾਉਣ ਵਾਲੀ ਅਵਾਜ਼, ਓਅੰਕਾਰ ਸਥੂਲ ਰੂਪ ਵਿਚ ਅਵਾਜ ਹੈ, ਸਥੂਲ ਰੂਪ ਵਿਚ ਸ਼ਕਤੀ ਅਤੇ ਸਥੂਲ ਰੂਪ ਵਿਚ ਫੁਰਨਾ।
'ਓਅੰਕਾਰ' ਸ਼ਬਦ ਅਕਾਲ ਪੁਰਖ ਦੀ ਰਚਨਾ ਕਰਨ ਵਾਲੀ ਸ਼ਕਤੀ ਦਾ ਲਖਾਇਕ ਹੈ, ਅਕਾਲ ਪੁਰਖ ਨਿਰਗੁਣ ਵੀ ਹੈ ਅਤੇ ਸਰਗੁਣ ਵੀ।ਓਅੰਕਾਰ ਰਚਨਾ ਦੇ ਸਮੇਂ ਨਾਲ ਸਬੰਧਤ ਹੈ ਅਤੇ ਸਬੰਧਤ ਹੁੰਦਾ ਹੋਇਆ ਵੀ ਨਿਰਾਕਾਰ ਹੈ।
ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ 'ਓਅੰਕਾਰ' ਦੇ ਅਰਥ ਬਹੁਤ ਸਪੱਸ਼ਟ ਅਤੇ ਹਿੰਦੂ ਵਿਚਾਰਧਾਰਾ ਤੋਂ ਮੁਕਤ ਹਨ।ਭਾਈ ਸਾਹਿਬ ਦੀ ਬਾਣੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰਮਤ ਦੀ ਅਸਲੀ ਅਤੇ ਸਹੀ ਵਿਆਖਿਆ ਕੀਤੀ ਹੋਈ ਮਿਲਦੀ ਹੈ। ਜਿਵੇਂ ਕਿ ਃ– ਨਿਰੰਕਾਰ ਆਕਾਰ ਹੋਇ, ਏਕੰਕਾਰ ਅਪਾਰ ਸਦਾਯਾ।ਏਕੰਕਾਰਹੁੰ ਸਬਦ ਧੁਨਿ, ਓਅੰਕਾਰ ਅਕਾਰ ਬਣਾਇਆ (ਵਾਰ ੨੬–੨)।
ਓਅੰਕਾਰਿ ਅਕਾਰੁ ਕਰਿ, ਪਉਣ ਪਾਣੀ ਬੈਸੰਤਰ ਧਾਰੇ (ਵਾਰ ੪–੧)।ਓਅੰਕਾਰਿ ਅਕਾਰੁ ,ਪ੍ਰਗਟੀ ਆਇਆ (ਵਾਰ ੧੯–੧)।
ਇਕ ਕਵਾਉ ਪਸਾਉ ਕਰਿ, ਓਅੰਕਾਰਿ ਅਕਾਰੁ ਪਸਾਰਾ (ਵਾਰ ੬–੪)।
ਨਿਰੰਕਾਰੁ ਅਕਾਰ ਕਰਿ, ਏਕੰਕਾਰੁ ਅਪਾਰ ਸਦਾਇਆ।ਓਅੰਕਾਰੁ ਆਕਾਰ ਕਰਿ, ਇਕੁ ਕਵਾਉ ਪਸਾਉ ਕਰਾਇਆ।ਵਾਰ ੩੯–੨
ਭਾਈ ਗੁਰਦਾਸ ਜੀ ਅਨੁਸਾਰ 'ਓਅੰਕਾਰ' ਧੁਨ ਹੀ ਨਿਰਾਕਾਰ ਦਾ ਅਕਾਰ ਹੈ, ਜਿਸ ਨੂੰ ਭਾਰਤੀ ਦਰਸ਼ਨ ਵਿਚ ਬ੍ਰਹਮ ਕਿਹਾ ਗਿਆ ਹੈ।ਇਸ ਓਅੰਕਾਰ ਰੂਪ ਕਰਤਾਰ ਦੀ ਸ਼ਕਤੀ ਤੋਂ ਹੀ ਪੌਣ ਪਾਣੀ ਅਗਨੀ ਆਦਿ ਦਾ ਸਾਰਾ ਪਸਾਰਾ ਹੋਂਦ ਵਿਚ ਆਇਆ।ਭਾਈ ਸਾਹਿਬ ਅਨੁਸਾਰ ਕਰਤਾਰ ਦੇ ਇਕ ਫੁਰਨੇ (ਹੁਕਮ) ਨਾਲ ਹੀ ਧਰਤੀ, ਅਕਾਸ਼ ਅਤੇ ਹੋਰ ਕ੍ਰੋੜਾਂ ਅਕਾਰ ਪੈਦਾ ਹੋ ਗਏ, ਪਰ ਅਨੇਕ ਤਰ੍ਹਾਂ ਦੀ ਰਚਨਾ ਕਰਕੇ ਆਪ ਇਕ ਰਸ ਅਤੇ ਨਿਰਲੇਪ ਰਹਿੰਦਾ ਹੈ, ਬਦਲਦਾ ਨਹੀਂ ਅਤੇ ਨਾ ਹੀ ਘਟਦਾ ਵਧਦਾ ਹੈ।'ਓਅੰਕਾਰ' ਨਿਰੰਕਾਰ ਦਾ ਰਚਨਾ ਕਰਨ ਵਾਲਾ ਸ਼ਬਦ ਹੈ, ਧੁਨ ਹੈ, ਹੁਕਮ ਹੈ, ਰੱਬੀ ਫੁਰਨਾ ਹੈ, ਨਾਮ ਹੈ, ਜਿਸ ਰਾਹੀਂ ਸਾਰਾ ਦਿਸਦਾ ਅਤੇ ਅਣ ਦਿਸਦਾ ਜਗਤ ਹੋਂਦ ਵਿਚ ਆਉਂਦਾ ਹੈ।ਭਾਈ ਗੁਰਦਾਸ ਜੀ ਦੀ ਬਾਣੀ ਵਿਚ ਨਾ ਤਾਂ 'ਓਅੰਕਾਰ' ਦੀ ਮਾਤ੍ਰਿਕ ਵੰਡ ਹੈ, ਨਾ '੧ੴ' ਓਮ ਦਾ ਪੜਦਾ ਜਾਂ ਓਹਲਾ ਹੈ, ਇਹ ਤਾਂ ਨਿਰਗੁਣ ਨਿਰੰਕਾਰ ਦੀ ਰਚਨਾ ਕਰਨ ਵਾਲੀ ਸ਼ਬਦ–ਧੁਨਿ ਹੈ।
ਗੁਰੂ ਗ੍ਰੰਥ ਸਾਹਿਬ ਵਿਚ ਓਅੰਕਾਰ = ਗੁਰਬਾਣੀ ਅਨੁਸਾਰ ਨਿਰਗੁਣ ਨਿਰੰਕਾਰ ਹੀ ਸਫੁਰ ਹੋ ਕੇ ਜਗਤ ਰਚਨਾ ਕਰਨ ਵਾਲਾ ਰੂਪ ਧਾਰਦਾ ਹੈ, ਇਸ ਫੁਰਨੇ ਨਾਲ ਨਿਰੰਕਾਰ ਦਾ ਅਪਣਾ ਅਸਲੀ ਰੂਪ ਬਦਲਦਾ ਨਹੀਂ, ਉਹ ਅਪਣੀ ਓਅੰਕਾਰ ਧੁਨ ਨਾਲ ਜਗਤ ਰਚਨਾ ਕਰਦਾ ਹੈ।ਨਿਰਗੁਣ ਨਿਰਾਕਾਰ ਦਾ ਸਰਗੁਣ ਰੂਪ ਵਿਚ ਬਦਲਣਾ ਵੇਦਾਂ ਦਾ ਵਿਚਾਰ ਹੈ, ਪਰ ਗੁਰਮਤ ਦਾ ਵਿਚਾਰ ਵਖਰਾ ਹੈ।ਭਾਈ ਗੁਰਦਾਸ ਜੀ ਦੀ ਰਚਨਾ ਅਤੇ ਗੁਰਬਾਣੀ ਵਿਚ 'ਓਅੰਕਾਰ' ਨੂੰ ਕਰਤਾਰ ਦੀ ਜਗਤ ਰਚਨਾ ਕਰਨ ਵਾਲੀ ਸ਼ਕਤੀ ਦੇ ਰੂਪ ਵਿਚ ਬਿਆਨ ਕੀਤਾ ਹੋਇਆ ਹੈ।ਓਅੰਕਾਰ ਦਾ ਨਿਰਗੁਣ ਨਿਰੰਕਾਰੀ ਏਕੰਕਾਰ ਸਰੂਪ ਸਦਾ ਅਬਦਲ ਅਤੇ ਅਬਿਨਾਸ਼ੀ ਹੈ।ਗੁਰਮਤ ਵਿਚ

ਨਿਰਗੁਣ ਤੇ ਸਰਗੁਣ ਦੋ ਨਹੀਂ, ਇਕੋ ਸਰੂਪ ਹੈ {ਨਿਰਗੁਨੁ ਆਪ ਸਰਗੁਨੁ ਭੀ ਓਹੀ ੨੮੭; ਨਿਰੰਕਾਰ ਆਕਾਰ ਆਪਿ, ਨਿਰਗੁਨ ਸਰਗੁਨ ਏਕ ੨੫੦} ਇਹ ਵੀ ਨਹੀ ਕਿ ਸਰਗੁਣ ਰੂਪ ਪ੍ਰਗਟ ਹੋਣ ਨਾਲ ਨਿਰਗੁਨ ਰੂਪ ਖਤਮ ਹੋ ਜਾਂਦਾ ਹੈ, ਨਿਰਗੁਣ ਰੂਪ ਸਦਾ ਕਾਇਮ ਰਹਿੰਦਾ ਹੈ। ਨਿਰਾਕਾਰ ਦਾ ਜਦ ਸਰਗੁਣ ਰੂਪ ਨਹੀ ਸੀ, ਤਦ ਵੀ ਨਿਰਾਕਾਰੀ ਸਰੂਪ ਹੈ ਸੀ। ਸਰਗੁਣ ਰੂਪ ਸਦਾ ਨਿਰਗੁਣ ਵਿਚ ਸਮਾਇਆ ਰਹਿੰਦਾ ਹੈ, ਜਦ ਉਸ ਦਾ ਹੁਕਮ ਹੁੰਦਾ ਹੈ, ਓਅੰਕਾਰ ਵਿਚ ਵਿਦਮਾਨ ਸ਼ਕਤੀ ਰਚਨਾ ਰਾਹੀ ਰੂਪਮਾਨ ਹੋ ਜਾਂਦੀ ਹੈ। ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ੧੦੩੬}। ਵੇਦਾਂ ਅਤੇ ਉਪਨਿਸ਼ਦਾਂ ਵਿਚ ਓਮ ਦੇ ਰਖਿਅਕ ਵਾਲੇ ਅਰਥਾਂ ਤੇ ਜਿਆਦਾ ਬਲ ਦਿਤਾ ਹੈ। ਗੁਰਮਤ ਵਿਚ 'ਓਅੰਕਾਰ' ਦਾ ਮੂਲ ਅਰਥ ਹੈ = ਕਰਤਾਰ ਦੀ ਜਗਤ ਰਚਨਾ ਕਰਨ ਵਾਲੀ ਸ਼ਕਤੀ ਃ-

ਓਅੰਕਾਰਿ ਉਤਪਾਤੀ। ਕੀਆ ਦਿਨਸੁ ਸਭ ਰਾਤੀ ੧੦੦੩। ਓਅੰਕਾਰਿ ਸਭ ਸ੍ਰਿਸਟਿ ਉਪਾਈ ੧੦੬੧।
ਨਿਰੰਕਾਰਿ ਆਕਾਰੁ ਉਪਾਇਆ ੧੦੬੫। ਓਅੰਕਾਰਿ ਏਕੋ ਰਵਿ ਰਹਿਆ, ਸਭੁ ਏਕਸ ਮਾਹਿ ਸਮਾਵੈਗੋ ੧੩੧੦।
ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ ੯੨੯। ਓਅੰਕਾਰ ਆਦਿ ਮੈ ਜਾਨਾ ੩੪੦।

ਓਅੰਕਾਰ ਧੁਨੀ ਜੋ ਅਖੰਡ ਨਾਦ ਰੂਪ ਵਿਚ ਲਗਾਤਰ ਜਾਰੀ ਹੈ, ਓਅੰਕਾਰ ਦੀ ਇਸ ਅਖੰਡ ਅਤੇ ਇਕ ਰਸ ਧੁਨੀ ਤੋਂ ਨਿਰੰਕਾਰ ਦੀ ਏਕਤਾ ਦਾ ਰਾਗ ਅਲਾਪ ਹੋ ਰਿਹਾ ਹੈ। ਓਅੰਕਾਰ ਰੂਪ ਇਹ ਧੁਨੀ ਨਿਰੰਕਾਰ ਦੀ ਰਚਨਾਤਮਕ ਸ਼ਕਤੀ ਹੈ, ਜਿਸ ਤੋਂ ਕਾਲ ਸਮੇਤ ਸਾਰੀ ਰਚਨਾ ਹੋਂਦ ਵਿਚ ਆਉਦੀ ਹੈ। ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗ ਅਲਾਪੈ ੮੮੫।

ਓਅੰਕਾਰ ਰਾਹੀਂ ਕੀਤੀ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਨੇ 'ਕੀਤਾ ਪਸਾਉ ਏਕੋ ਕਵਾਉ' ਰਾਹੀਂ ਬਿਆਨਿਆ ਹੈ। ਇਸ ਦੀ ਸ਼ਾਖ ਗੁਰੂ ਅਰਜਨ ਦੇਵ ਜੀ ਨੇ ਵੀ ਭਰੀ ਹੈ 'ਏਕ ਕਵਾਵੈ ਤੇ ਸਭ ਹੋਆ' (੧੦੦੩)। ਗੁਰਬਾਣੀ ਅਨੁਸਾਰ ਸ਼ਬਦ ਤੋਂ ਉਤਪਤੀ ਅਤੇ ਵਿਨਾਸ਼, ਫਿਰ ਮੁੜ ਉਤਪਤੀ ਸਬਦ ਤੋਂ ਹੀ ਹੁੰਦੀ ਦਸੀ ਹੈ {ਉਤਪਤਿ ਪਰਲੋ ਸਬਦੇ ਹੋਵੈ। ਸਬਦੇ ਹੀ ਫਿਰਿ ਓਪਤਿ ਹੋਵੈ ੧੧੭}। ਸਬਦ, ਧੁਨਿ, ਹੁਕਮਿ, ਨਾਮ, ਕਵਾਉ, ਓਅੰਕਾਰ ਦੀ ਰਚਨਾ ਕਰਨ ਵਾਲੀ ਸ਼ਕਤੀ ਦੇ ਹੀ ਪ੍ਰਤੀਕ ਹਨ।

ਦਸਮ ਗ੍ਰੰਥ ਵਿਚ ਵੀ ਇਸਦਾ ਪ੍ਰਮਾਣ ਮਿਲਦਾ ਹੈ {ਪ੍ਰਿਥਮੈ ਓਅੰਕਾਰ ਤਿਨ ਕਹਾ। ਸੋ ਧੁਨਿ ਪੂਰਿ ਜਗਤ ਮੋ ਰਹਾ। ਪ੍ਰਿਥਮ ਕਾਲ ਜਬ ਕੀਆ ਪਸਾਰਾ। ਓਅੰਕਾਰ ਤੇ ਸ੍ਰਿਸਟ ਉਪਾਰਾ (ਬਚਿਤ੍ਰ ਨਾਟਕ)}।

'ੴ' ਪਦ ਦੇ ਵਿਦਵਾਨਾਂ ਵੱਲੋਂ ਹੇਠ ਲਿਖੇ ਅਰਥ ਮਿਲਦੇ ਹਨ।

੧. ੴ = ਪਰਮ ਹਸਤੀ ਪ੍ਰਮਾਤਮਾ ਇਕ ਹੈ। ਕੇਵਲ ਇਕ ਬ੍ਰਹਮ, ਵਾਹਿਗੁਰੂ ਇਕ ਹੈ ਅਤੇ ਅਦੁਤੀ ਹੈ, ਇਕ ਅਕਾਲ ਪੁਰਖ ਜੋ ਇਕ ਰਸ ਵਿਆਪਕ ਹੈ, ਇਕੋ ਪ੍ਰਮਾਤਮਾ ਜੋ ਉਤਪਤੀ, ਪਾਲਨ ਅਤੇ ਸੰਘਾਰ ਕਰਨ ਵਾਲਾ ਹੈ।
੨. ੴ = ਨਿਰਗੁਣ ਪ੍ਰਮਾਤਮਾ (ਡਾ. ਤਾਰਨ ਸਿੰਘ ਅਨੁਸਾਰ ੴ ਰੱਬ ਦੇ ਨਿਰਗੁਣ ਸਰੂਪ ਨੂੰ ਪ੍ਰਗਟ ਕਰਦਾ ਹੈ)।
੩. ੴ = ਸਰਗੁਣ ਪ੍ਰਮਾਤਮਾ (ਪ੍ਰਿੰਸੀਪਲ ਤੇਜਾ ਸਿੰਘ)।
੪. ੴ = ਨਿਰਗੁਣ - ਸਰਗੁਣ ਪ੍ਰਮਾਤਮਾ, ਸੂਖਮ ਅਤੇ ਸਥੂਲ ਰੂਪ ਵਾਹਿਗੁਰੂ।
੫. ੴ = ਨਿਰਗੁਣ ਅਤੇ ਸਰਗੁਣ ਦੋਹਾਂ ਦੇ ਵਿਚਕਾਰ ਦੀ ਅਵਸਥਾ। ਭਾਈ ਜੋਧ ਸਿੰਘ ਅਨੁਸਾਰ ਅਕੱਥ ਨਿਰੰਕਾਰ ਅਵਸਥਾ ਤੋਂ ਬਾਦ, ਕਰਤਾ ਹੋਣ ਤੋਂ ਪਹਿਲਾਂ ਦੀ ਅਵਸਥਾ (ਗੁਰੂ ਨਾਨਕ ਬਾਣੀ)।

ਵਿਚਾਰ = ਗੁਰੂ ਨਾਨਕ ਦੇਵ ਜੀ ਦੀ ਆਤਮਾ ਅਤੇ ਅਕਾਲ ਪੁਰਖ ਇਕ ਰੂਪ ਸਨ, ੴ ਗੁਰੂ ਨਾਨਕ ਦੇਵ ਜੀ ਨੂੰ ਅੰਤਰ ਆਤਮਿਕ ਦ੍ਰਿਸਟੀ ਤੋਂ ਪ੍ਰਾਪਤ ਹੋਇਆ ਰਹੱਸਵਾਦੀ ਬ੍ਰਹਮ ਅਨੁਭਵ ਸੀ। ਉਨ੍ਹਾਂ ਦੀ ਆਤਮਾ ਦੀਆਂ ਡੂੰਘਾਈਆਂ ਵਿਚੋਂ ਨਿਕਲਿਆ ਨਿਰੰਕਾਰੀ ਬੋਲ ਸੀ। ਇਹ ੴ ਓਮ ਦੀ ਹੀ ਕੀਤੀ ਤਰਕਸ਼ੀਲੀ ਸੋਧ ਨਹੀ ਸੀ, ਗੁਰੂ ਜੀ ਦਾ ਇਹ ਇਕ ਨਵਾਂ ਅਤੇ ਨਰੋਆ ਅਨੁਭਵ ਹੈ ਅਤੇ ਇਸ ਵਿਚ ਪੁਰਾਤਨ ਵਿਰਸੇ ਨਾਲ ਸਾਂਝ ਵੀ ਹੈ।

ੴ ਪ੍ਰਮਾਤਮਾ ਦੀ ਸਫੁਰ ਅਵਸਥਾ ਦਾ ਪ੍ਰਤੀਕ ਹੈ। ਨਿਰੰਕਾਰ ਦੀ ਅਫੁਰ ਸੁੰਨ ਸਮਾਧੀ ਅਵਸਥਾ ਓਹ ਹੈ, ਜਦੋਂ ਬ੍ਰਹਿਮੰਡ ਦੀ ਰਚਨਾ ਕਰਨ ਦਾ ਫੁਰਨਾ ਨਹੀ ਸੀ ਫੁਰਿਆ ਅਤੇ ਕਾਲ (ਸਮਾਂ) ਹੋਂਦ ਵਿਚ ਨਹੀਂ ਸੀ ਆਇਆ {ਤਦਹੁ ਆਪੇ ਆਪਿ ਨਿਰੰਕਾਰ ਹੈ, ਨਾ ਓਪਤਿ ਹੋਈ (ਮ. ੩) ੫੦੯}। ਇਸ ਹਾਲਤ ਨੂੰ ਧੁੰਧੂਕਾਰ ਵੀ ਕਿਹਾ ਹੈ, ਮਨੁੱਖੀ ਬੋਲੀ ਵਿਚ ਇਹ ਅਵਸਥਾ ਅਰਬਾਂ ਖਰਬਾਂ ਸਾਲ ਤਕ ਕਾਇਮ ਰਹੀ {ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ। ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ੧੦੩੫}। ਉਦੋਂ ਧਰਤੀ ਅਕਾਸ਼ ਸੂਰਜ ਚੰਦ ਪਾਣੀ ਅੱਗ ਮਾਇਆ ਆਦਿ ਕੁੱਛ ਵੀ ਨਹੀ ਸੀ। ਇਸ ਅਵਸਥਾ ਨੂੰ ਗੁਰਬਾਣੀ ਵਿਚ ਨਿਰਗੁਣ ਕਿਹਾ ਹੈ। ਫਿਰ ਜਦ ਨਿਰੰਕਾਰ ਸੁੰਨ ਸਮਾਧੀ ਦੀ ਅਫੁਰ ਅਵਸਥਾ ਤੋਂ ਸਫੁਰ ਹੋ ਕੇ ਅਪਣੀ ਕੁਦਰਤ ਦਾ ਪਸਾਰਾ ਕਰਕੇ ਆਪ ਉਸ ਵਿਚ ਆਸਣ ਲਾ ਕੇ ਬੈਠਦਾ ਹੈ, ਤਾਂ ਇਸ ਅਵਸਥਾ ਨੂੰ ਸਰਗੁਣ ਕਿਹਾ ਹੈ। ਡਾਕਟਰ ਸ਼ੇਰ ਸਿੰਘ ਦੇ ਸ਼ਬਦਾਂ ਵਿਚ ਜੇ ਅਫੁਰ ਅਵਸਥਾ ਨੂੰ '੦' ਸਿਫਰ ਕਹੀਏ ਤਾਂ ਸਫੁਰ ਅਵਸਥਾ '੧' ਹੈ, ਜਿਸ ਨੂੰ ਭਾਈ ਗੁਰਦਾਸ ਜੀ ਨੇ ਏਕੰਕਾਰ

ਕਿਹਾ ਹੈ। ਏਕੰਕਾਰ ਤੋਂ ਉਸਦੇ ਹੁਕਮ (ਭਾਣੇ ਜਾਂ ਮਰਜੀ) ਅਨੁਸਾਰ ਸਾਰੀ ਰਚਨਾ ਹੋਈ।{ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ੧੦੩੬}। ਇਸ ਹੁਕਮ, ਫੁਰਨੇ, ਇੱਛਾ ਜਾਂ ਭਾਣੇ ਅਨੁਸਾਰ ਰਚਨਾ ਕਰਨ ਵਾਲੀ ਅਵਸਥਾ ਨੂੰ ਓਅੰਕਾਰ ਕਿਹਾ ਹੈ {ਓਅੰਕਾਰਿ ਸਭ ਸ੍ਰਿਸਟਿ ਉਪਾਈ ੧੦੬੧}। 'ਓਅੰਕਾਰ' ਏਕੰਕਾਰ, ੴ ਵਿਚ ਹੀ ਸਮਿਲਤ ਹੈ ਅਤੇ ਰਚਨਾ ਕਰਨ ਵਾਲੀ ਸ਼ਕਤੀ ਦਾ ਪ੍ਰਤੀਕ ਹੈ, ਜੋ ਸਾਰੀ ਰਚਨਾ ਦਾ ਮੂਲ ਸੋਮਾ ਹੈ।

ਭਾਈ ਗੁਰਦਾਸ ਜੀ ਨੇ ਅਪਣੀ ਬਾਣੀ ਵਿਚ ਅਕਾਲ ਪੁਰਖ ਦੇ ਤਿੰਨ ਪੱਖਾਂ ਦਾ ਵਰਨਣ ਕੀਤਾ ਹੈ ਃ-

(ੳ) ਨਿਰੰਕਾਰ = ਸ਼ੁੱਧ ਨਿਰਗੁਣ - ਰਚਨਾ ਤੋਂ ਪਹਿਲਾਂ ਵਾਲੀ ਅਵਸਥਾ ਜੋ ਅਪਾਰ, ਅਗਮ, ਅਗੋਚਰ ਅਤੇ ਅਲੱਖ ਹੈ।

(ਅ) ਏਕੰਕਾਰ = ਜਦੋਂ ਨਿਰੰਕਾਰ ਅਪਣੇ ਆਪ ਦੀ ਏਕੰਕਾਰ ਰੂਪ ਵਿਚ ਸਾਜਨਾ ਕਰਦਾ ਹੈ ਭਾਵ ਅਫੁਰ ਤੋਂ ਸਫੁਰ ਹੁੰਦਾ ਹੈ।

(ੲ) ਓਅੰਕਾਰ = ਜਦੋਂ ਏਕੰਕਾਰ ਦੀ ਓਅੰਕਾਰ ਧੁੰਨ ਰਾਹੀਂ ਸਾਰੇ ਅਕਾਰਾਂ ਦੀ ਸਿਰਜਨਾ ਹੁੰਦੀ ਹੈ।

ਨਿਰੰਕਾਰੁ ਅਕਾਰੁ ਹੋਇ, ਏਕੰਕਾਰੁ ਅਪਾਰੁ ਸਦਾਇਆ। ਏਕੰਕਾਰਹੁ ਸਬਦ ਧੁਨਿ, ਓਅੰਕਾਰ ਅਕਾਰੁ ਬਣਾਇਆ।(ਭਾ. ਗੁ. ਵਾਰ ੨੬-੨)।

ਉਪਰ ਦਿਤੀਆਂ ਤੁਕਾਂ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ ਆਸਾ ਦੀ ਵਾਰ ਦੀ ਪਹਿਲੀ ਪਉੜੀ ਦੀ ਹੀ ਵਿਆਖਿਆ ਕੀਤੀ ਹੋਈ ਲਗਦੀ ਹੈ।

ਆਪੀਨੈ (ਨਿਰੰਕਾਰ ਭਾਵ ਨਿਰਗੁਣ ਅਫੁਰ ਪ੍ਰਮਾਤਮਾ ਨੇ)
ਆਪ ਸਾਜਿਓ (ਨਿਰਗੁਣ ਤੋਂ ਸਰਗੁਣ, ਅਫੁਰ ਤੋਂ ਸਫੁਰ ਭਾਵ ਨਿਰੰਕਾਰ ਤੋਂ ਏਕੰਕਾਰ ਹੋ ਗਿਆ)
ਆਪੀਨੈ (ਸਰਗੁਣ ਹੋਏ ਨਿਰੰਕਾਰ ਭਾਵ ਏਕੰਕਾਰ ਨੇ)
ਰਚਿਓ ਨਾਉ (ਓਅੰਕਾਰ ਧੁਨਿ ਅਲਾਪੀ)
ਦੁਯੀ ਕੁਦਰਤ ਸਾਜੀਐ (ਓਅੰਕਾਰ ਤੋਂ ਜਗਤ ਰਚਨਾ ਹੋਈ)।
ਕਰਿ ਆਸਣ ਡਿਠੋ ਚਾਉ (ਘਟ ਘਟ ਵਿਚ ਵਿਆਪਕ ਹੋ ਕੇ ਸੰਭਾਲ ਕਰਦਾ ਅਤੇ ਖੁਸ਼ ਹੁੰਦਾ ਹੈ)।
ਆਪੇ ਆਪਿ ਉਪਾਇ ਕੈ, ਆਪੇ ਅਪਣਾ ਨਾਉਂ ਧਰਾਯਾ (ਭਾ. ਗੁ. ਵਾਰ ੧੮-੭)।

ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਤਿੰਨ ਵਖਰੇ ਵਖਰੇ ਰੂਪ ਨਹੀ, ਗੁਰਬਾਣੀ ਅਨੁਸਾਰ ਰਚਨਾ ਤੋਂ ਪਹਿਲਾਂ ਨਿਰੰਕਾਰ ਰੂਪ ਵਿਚ, ਰਚਨਾ ਕਰਨ ਦੇ ਸਮੇਂ ਨਾਲ ਸਬੰਧਤ ਏਕੰਕਾਰ ਅਤੇ ਓਅੰਕਾਰ ਰੂਪ ਵਿਚ ਅਤੇ ਰਚਨਾ ਦੀ ਸਮਾਮਤੀ ਤੋਂ ਬਾਅਦ ਸਦਾ ਇਕ ਹੀ ਰਹਿੰਦਾ ਹੈ।{ਨਿਰੰਕਾਰ ਆਕਾਰ ਆਪਿ, ਨਿਰਗੁਨ ਸਰਗੁਨ ਏਕ। ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ੨੫੦}। ਇਕ ਨਿਰੰਕਾਰ ਹੀ ਏਕੰਕਾਰ ਅਤੇ ਓਅੰਕਾਰ ਕਰਕੇ ਜਾਣੀਦਾ ਹੈ। ਓਅੰਕਾਰਿ ਸਭ ਸ੍ਰਿਸਟਿ ਉਪਾਈ ੧੦੬੧। ਨਿਰੰਕਾਰਿ ਆਕਾਰੁ ਉਪਾਇਆ ੧੦੬੫। ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ। ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ੮੨੧। ਇਨ੍ਹਾਂ ਤੁਕਾਂ ਵਿਚ ਨਿਰੰਕਾਰ, ਓਅੰਕਾਰ ਅਤੇ ਏਕੰਕਾਰ ਨੂੰ ਇਕ ਰੂਪ ਦਸਿਆ ਹੈ {ਆਪਿ ਅਕਾਰੁ ਆਪਿ ਨਿਰੰਕਾਰੁ ੮੬੩}। ਏਕਾ ਨਿਰੰਕਾਰ ਦੀ ਰਚਨਾ ਕਰਨ ਵਾਲੀ ਸ਼ਕਤੀ ਹੈ, ਜੋ ਵਿਕਾਸਸ਼ੀਲ ਹੁੰਦੀ ਰਹਿੰਦੀ ਹੈ, ਨਿਰੰਕਾਰ ਇਸ ਤੋਂ ਵੱਖ ਨਹੀਂ। ਨਿਰੰਕਾਰ ਏਕੰਕਾਰ ਵਿਚ ਨਹੀ ਬਦਲਦਾ, ਨਿਰਾਕਾਰ ਤੋਂ ਬਦਲ ਕੇ ਸਾਕਾਰ ਨਹੀਂ ਹੋ ਜਾਂਦਾ, ਕੇਵਲ ਉਸ ਦੀ ਰਚਨਾ ਸਾਕਾਰ ਰੂਪ ਧਾਰਨ ਕਰਦੀ ਹੈ ਅਤੇ ਪ੍ਰੀਵਰਤਨਸ਼ੀਲ ਹੁੰਦੀ ਰਹਿੰਦੀ ਹੈ। ਇਹ ਰਚਨਾ ਉਪਜਦੀ ਵਿਕਾਸਸ਼ੀਲ ਅਤੇ ਵਿਨਾਸ਼ ਹੁੰਦੀ ਹੈ, ਪਰ ਰਚਨਾ ਵਿਚ ਵਿਦਮਾਨ ਓਅੰਕਾਰ (ਨਾਮ) ਤੱਤ ਸਦਾ ਕਾਇਮ ਰਹਿੰਦਾ ਹੈ {ਯਾ ਭੀਤਰਿ ਜੋ ਰਾਮ ਬਸਤੁ ਹੈ, ਸਾਚੋ ਤਾਹਿ ਪਛਾਨੋ ੧੧੮੬}। ਅਕਾਲ ਪੁਰਖ ਤਿੰਨਾਂ ਕਾਲਾਂ ਵਿਚ ਸਰਬ ਵਿਆਪਕ ਰਹਿੰਦਾ ਹੋਣ ਕਰਕੇ ਉਸ ਨੂੰ ਸਰਗੁਣ ਬ੍ਰਹਮ ਕਿਹਾ ਜਾਂਦਾ ਹੈ। ਗੁਰਮਤਿ ਦੀ ਸਰਗੁਣਤਾ ਅਵਤਾਰਵਾਦੀ ਅਤੇ ਮੂਰਤੀਵਾਦੀ ਨਾਲੋਂ ਬਿਲਕੁਲ ਭਿੰਨ ਹੈ, ਗੁਰਮੱਤ ਵਿਚ ਵਾਹਿਗੁਰੂ ਦੀ ਸਰਬ ਵਿਆਪਕਤਾ ਨੂੰ ਸਰਗੁਣ ਕਿਹਾ ਹੈ।

ੴ ਉਸ ਪਰਮ ਹਸਤੀ ਦਾ ਚਿਨ੍ਹ ਹੈ, ਜੋ ਨਿਰੰਕਾਰ ਵੀ ਹੈ ਅਤੇ ਏਕੰਕਾਰ ਵੀ, ਨਿਰਲੇਪ ਵੀ, ਵਿਆਪਕ ਵੀ। ਵਿਆਪਕ ਹੋਣ ਕਰਕੇ ਅਨੇਕ ਜਾਪਦਾ ਹੈ, ਪਰ ਹੈ ਇਕੋ। ਜਿਵੇਂ ਸਾਗਰ ਦੀਆਂ ਲਹਿਰਾਂ ਸਾਗਰ ਤੋਂ ਵੱਖਰੀਆਂ ਪ੍ਰਤੀਤ ਹੁੰਦੀਆਂ ਹਨ {ਸਾਗਰ ਮਹਿ ਬੂੰਦ, ਬੂੰਦ ਮਹਿ ਸਾਗਰੁ ੮੭੮}, ਸਾਗਰ ਅਤੇ ਲਹਿਰਾਂ ਇਕੋ ਹੀ ਰੂਪ ਹਨ। ਉਹ ਨਿਰਗੁਣ ਵੀ ਹੈ, ਕਿਉਂਕਿ ਉਸਦਾ ਰੂਪ ਪ੍ਰੀਵਰਤਨ ਨਹੀਂ ਹੁੰਦਾ, ਪਰ ਸਰਗੁਣ ਵੀ ਹੈ ਕਿਉਂਕਿ ਰਚਨਾ ਰਚ ਕੇ ਉਸ ਵਿਚ ਵਿਦਮਾਨ ਹੈ। ਉਹ ਅਨੇਕਤਾ ਤੋਂ ਪਹਿਲਾਂ ਜੈਸਾ ਇਕ ਸੀ, ਵੈਸਾ ਹੀ ਹੁਣ ਰੰਗ ਬਰੰਗੀ ਅਨੇਕਤਾ ਦੇ ਪਰਦੇ ਪਿਛੇ ਹੈ। ੴ ਹੀ ਸਭ ਰੰਗਾਂ ਰੂਪਾਂ, ਪੌਣ ਪਾਣੀ, ਤਿੰਨਾਂ ਲੋਕਾਂ ਵਿਚ ਮੌਜੂਦ ਹੈ।

{ਏਕੋ ਪਵਣੁ ਮਾਟੀ ਸਭ ਏਕਾ, ਸਭ ਏਕਾ ਜੋਤਿ ਸਬਾਈਆ। ਸਭ ਇਕਾ ਜੋਤਿ ਵਰਤੈ ਭਿਨਿ ਭਿਨਿ, ਨ ਰਲਈ ਕਿਸੈ ਦੀ ਰਲਾਈਆ ੯੬}। ਕਈ ਪੁਰਾਣੇ ਧਰਮਾਂ ਨੇ ਰੱਬ ਦੇ ਦੋ ਰੂਪ ਮੰਨੇ ਹਨ, ਇਕ ਨੇਕੀ ਦਾ ਖੁਦਾ ਤੇ ਦੂਜਾ ਬਦੀ ਦਾ। ਯਹੂਦੀ, ਇਸਾਈ ਅਤੇ

ਇਸਲਾਮ ਨੇ ਇਕ ਖੁਦਾ ਅਤੇ ਦੂਜਾ ਸ਼ੈਤਾਨ ਜੋ ਬੰਦੇ ਤੋਂ ਬੁਰੇ ਕੰਮ ਕਰਾ ਕੇ ਖੁਦਾ ਤੋਂ ਬਾਗੀ ਕਰਾਉਂਦਾ ਹੈ।ਸ਼ੈਤਾਨ ਹੈ ਤਾਂ ਖੁਦਾ ਦੀ ਉਪਜ, ਇਸ ਲਈ ਖੁਦਾ ਦੇ ਬਰਾਬਰ ਨਹੀ ਹੋ ਸਕਦਾ।ਹਿੰਦੂ ਧਰਮ ਅਤੇ ਸੰਸਾਰ ਦੇ ਕਈ ਹੋਰ ਧਰਮਾਂ ਵਿਚ ਵੀ ਕੁਦਰਤ ਦੀਆਂ ਤਾਕਤਾਂ ਨੂੰ ਰੱਬ ਜਾਣ ਕੇ ਪੂਜਿਆ ਜਾਂਦਾ ਰਿਹਾ ਹੈ।ਜਿਵੇਂ ਕਿ ਅੱਗ, ਸੂਰਜ, ਚੰਦ ਜਾਂ ਹੋਰ ਦੇਵੀ ਦੇਵਤੇ ਭਗਵਾਨ ਜਾਣ ਕੇ ਪੂਜੇ ਜਾਂਦੇ ਹਨ।ਸ਼ੰਕਰਾਚਾਰੀਆ (੭੮੮-੮੨੦) ਨੇ ਉਪਨਿਸ਼ਦਾਂ ਅਤੇ ਬ੍ਰਹਮ ਸੂਤਰ ਦੇ ਅਧਾਰ ਤੇ ਅਦ੍ਵੈਤਵਾਦ ਦਾ ਸੰਕਲਪ ਪ੍ਰਚਾਰਿਆ।ਸ਼ੰਕਰ ਦੇ ਮੱਤ ਅਨੁਸਾਰ ਕੇਵਲ ਬ੍ਰਹਮ ਹੀ ਸੱਤ ਹੈ।ਸੰਸਾਰ ਮਾਇਆ ਕਾਰਣ ਸੱਤ ਭਾਸਦਾ ਹੈ, ਸ਼ੰਕਰ ਮਾਯਾ ਨੂੰ ਅਨਾਦੀ ਮੰਨਦਾ ਹੈ, ਪਰ ਸ਼ੰਕਰ ਇਹ ਦਸਣ ਤੋਂ ਅਸਮਰਥ ਹੈ ਕਿ ਮਾਇਆ ਕੀ ਹੈ? ਉਹ ਇਸ ਨੂੰ ਅਨਿਰਵਚਨੀਅ ਕਹਿੰਦਾ ਹੈ।ਬ੍ਰਹਮ ਸੱਤ ਚਿਤ ਅਨੰਦ ਹੈ, ਜੋ ਮਾਇਆ ਦੀ ਸੱਤਾ ਕਰਕੇ ਸੰਸਾਰ ਵਿਚ ਸਰਗੁਣ ਪ੍ਰਤੀਤ ਹੁੰਦਾ ਹੈ।ਮਾਇਆ ਕਰਕੇ ਹੀ ਸਰਗੁਣ ਬ੍ਰਹਮ ਜਗਤ ਦੀ ਉਤਪਤੀ, ਸਥਿਤੀ ਅਤੇ ਵਿਨਾਸ ਦਾ ਕਾਰਣ ਦਿਸਦਾ ਹੈ।ਸ਼ੰਕਰ ਅਨੁਸਾਰ ਮਾਇਆ ਨਾ ਸੱਤ ਹੈ, ਨਾ ਅਸੱਤ ਹੈ।ਸੱਤ ਇਸ ਕਰਕੇ ਨਹੀ ਕਿਉਂਕਿ ਸੱਤ ਤਾਂ ਕੇਵਲ ਬ੍ਰਹਮ ਹੈ, ਅਸੱਤ ਇਸ ਕਰ ਕੇ ਨਹੀ, ਕਿਉਂਕਿ ਇਸ ਕਾਰਣ ਬ੍ਰਹਮ ਸੰਸਾਰ ਵਿਚ ਪ੍ਰਤੀਤ ਹੁੰਦਾ ਹੈ। ਰਾਮਾਨੁਜ ਨੇ ਸ਼ੰਕਰ ਦੇ ਮਾਇਆਵਾਦ ਦਾ ਡਟ ਕੇ ਖੰਡਨ ਕੀਤਾ ਅਤੇ ਮਾਯਾ ਨੂੰ ਬ੍ਰਹਮ ਦੀ ਜਗਤ ਰਚਨਾ ਕਰਨ ਵਾਲੀ ਸ਼ਕਤੀ ਮੰਨਿਆ ਹੈ।ਜਗਤ ਮਿਥਿਆ ਨਹੀ, ਬ੍ਰਹਮ ਦੀ ਖੇਡ ਹੈ।ਰੱਬ ਤੋਂ ਤੋੜ ਕੇ ਅਪਣੇ ਨਾਲ ਜੋੜ ਲੈਣ ਦੀ ਸੱਤਾ ਹੀ ਮਾਇਆ ਹੈ।ਜਿਸ ਨੂੰ ਗੁਰਬਾਣੀ ਵਿਚ ਛਲਨੀ, ਸ੍ਰਪਨੀ, ਹਰਿਚੰਦੌਰੀ ਆਦਿ ਕਿਹਾ ਹੈ।ਮਾਯਾ ਸੁਤੰਤ੍ਰ ਨਹੀ।ਵੈਸ਼ਨਵ ਮੱਤ ਵਿਚ ਵਿਸ਼ਨੂੰ ਦੇ ਅਵਤਾਰ ਰਾਮ ਚੰਦਰ ਜੀ ਅਤੇ ਕ੍ਰਿਸ਼ਨ ਜੀ ਨੂੰ ਭਗਵਾਨ ਮੰਨ ਕੇ ਪੂਜਿਆ ਗਿਆ ਹੈ।

ਅਜੇਹੇ ਵਾਤਾਵਰਨ ਵਿਚ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਇਕ ਪ੍ਰਮਾਤਮਾ ਦਾ ਸੰਕਲਪ ਦਿਤਾ।ਪ੍ਰਮਾਤਮਾ ਇਕ ਹੈ, ਸਾਰੇ ਲੋਕ ਪ੍ਰਲੋਕ, ਸੂਰਜ, ਚੰਦ, ਅਕਾਸ਼ ਆਦਿ ਸਭ ਉਸ ਦੇ ਰਚੇ ਹੋਏ ਹਨ।ਅਪਣੀ ਰਚੀ ਹੋਈ ਸਾਰੀ ਰਚਨਾ ਵਿਚ ਉਹ ਮੌਜੂਦ ਹੈ, ਜਿਵੇਂ ਲਕੜਾਂ ਵਿਚ ਅੱਗ ਅਤੇ ਦੁੱਧ ਵਿਚ ਘਿਓ, ਫਲਾਂ ਵਿਚ ਰਸ ਅਤੇ ਫੁੱਲਾਂ ਵਿਚ ਮਹਿਕ।ਸਭ ਵਿਚ ਵਿਆਪਕ ਹੁੰਦਾ ਹੋਇਆ ਵੀ ਉਹ ਸਦਾ ਇਕ ਰਹਿੰਦਾ ਹੈ।{ਅਸਤਿ ਏਕੁ ,ਦਿਗਰਿ ਕੁਈ।ਏਕ ਤੁਈ ਏਕ ਤੁਈ ੧੪੪}।ਇਹ ੧ਓ ਸਾਰੀ ਵਿਸ਼ਵ ਰਚਨਾ ਦਾ ਮੂਲ (ਬੀਜ) ਹੈ।ਜਿਵੇਂ ਇਕ ਬੀਜ ਤੋਂ ਪੈਦਾ ਹੋ ਕੇ ਵੱਡਾ ਸਾਰਾ ਦਰੱਖਤ ਬਣ ਜਾਂਦਾ ਹੈ, ਇਸੇ ਤਰ੍ਹਾਂ ੧ਓ ਤੋਂ ਸਾਰਾ ਵਿਸ਼ਵ ਹੋਂਦ ਵਿਚ ਆਇਆ {ਬਟਕ ਬੀਜ ਮਹਿ ਰਵਿ ਰਹਿਓ, ਜਾ ਕੋ ਤੀਨਿ ਲੋਕ ਬਿਸਥਾਰ ੩੪੦}।੧ਓ ਵਿਚ ਸਾਰਾ ਵਿਸ਼ਵ ਹੈ, ਜਿਵੇਂ ਬੋਹੜ ਦੇ ਬੀਜ ਵਿਚ ਸਾਰਾ ਬੋਹੜ ਸੂਖਮ ਰੂਪ ਵਿਚ ਮੌਜੂਦ ਹੈ।ਗੁਰੂ ਨਾਨਕ ਦੇਵ ਜੀ ਨੂੰ ੧ਓ ਨਿਰੰਕਾਰ ਤੋਂ ਇਲਾਹੀ ਬਖਸ਼ਿਸ਼ ਦੇ ਰੂਪ ਵਿਚ ਪ੍ਰਾਪਤ ਹੋਇਆ ਅਤੇ ਇਹ ੧ਓ ਸਾਰੇ ਵਰਣਾਂ ਲਈ ਸਾਂਝਾ ਹੈ।ਇਹ ਵਿਸ਼ਵ ਕਈ ਬਾਰ ਹੋਂਦ ਵਿਚ ਆਇਆ ਅਤੇ ਕਈ ਬਾਰ ਨਾਸ਼ ਹੋ ਕੇ ਇਕ ਨਿਰੰਕਾਰ ਵਿਚ ਸਮਾ ਜਾਂਦਾ ਰਿਹਾ ਹੈ {ਕਈ ਬਾਰ ਪਸਰਿਓ ਪਾਸਾਰ।ਸਦਾ ਸਦਾ ਇਕੁ ਏਕੰਕਾਰ ੨੭੬}।
ਓਅੰਕਾਰ ਆਦਿ ਸਮੇਂ ਤੋਂ ਹੀ ਨਿਰੰਕਾਰ ਦੀ ਲਖਾਇਕ ਧੁਨੀ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿਚ ਸਭ ਤੋਂ ਪਹਿਲਾਂ ਰੱਖਿਆ ਹੈ।ਪਰ ਓਅੰਕਾਰ ਨੂੰ ਨਿਰੰਕਾਰ ਦੀਆਂ ਤਿੰਨ ਸ਼ਕਤੀਆਂ ਦੇ ਰੂਪ ਵਿਚ ਵੰਡਿਆ ਜਾ ਚੁੱਕਾ ਹੋਣ ਕਰਕੇ ਗੁਰੂ ਜੀ ਨੇ ਓਅੰਕਾਰ ਦੇ ਅੱਗੇ ਅੰਕ ੧ ਲਗਾ ਦਿਤਾ, ਜੋ ਸਾਨੂੰ ਇਕ ਨਿਰੰਕਾਰ ਦਾ ਬੋਧ ਕਰਾਉਂਦਾ ਹੈ।ਇਹ ਗੁਰੂ ਜੀ ਦਾ ਅਪਣਾ ਮੱਤ ਹੈ।

**ਸਤਿ ਨਾਮੁ** = ਸਤਿ ਅਤੇ ਨਾਮ ਵੀ ਦੋ ਸੁਤੰਤਰ ਪਦ ਹਨ।ਗੁਰਬਾਣੀ ਵਿਚ ਸਤਿਨਾਮ ਪਦ ਦਾ ਇਕੱਠਾ ਪ੍ਰਯੋਗ ਵੀ ਕਈ ਜਗ੍ਹਾ ਮਿਲਦਾ ਹੈ, ਪਰ ਸਤਿ ਅਤੇ ਨਾਮ ਇਕੱਲੇ ਇਕੱਲੇ ਰੂਪ ਵਿਚ ਵਧੇਰੇ ਮਿਲਦੇ ਹਨ।'ਸਤਿ' ਸ਼ਬਦ 'ਨਾਮ' ਦਾ ਵਿਸ਼ੇਸ਼ਣ ਨਹੀ, ਵਿਦਵਾਨਾਂ ਨੇ ਸਤਿ ਅਤੇ ਨਾਮ ਨੂੰ ਇਕ ਸ਼ਬਦ ਨਹੀ ਮੰਨਿਆ।ਗੁਣਬਾਣੀ ਦਾ ਵਾਕ ਹੈ 'ਸਤਿ ਨਾਮ ਤੇਰਾ ਪਰਾ ਪੂਰਬਲਾ'(੧੦੮੩) ਭਾਵ ਹੇ ਵਾਹਿਗੁਰੂ! ਤੇਰਾ ਜੋ ਨਾਮ ਸੱਤ ਹੈ, ਇਹ ਸਭ ਤੋਂ ਮੁਢਲਾ (ਆਦਿ ਤੋਂ) ਹੈ।ਬਾਕੀ ਸਾਰੇ ਨਾਮ ਰੱਬ ਦੇ ਕਿਸੇ ਗੁਣ, ਕਰਮ, ਜਾਂ ਸ਼ਕਤੀ ਦਾ ਪ੍ਰਗਟਾਵਾ ਕਰਨ ਵਾਲੇ ਕਿਰਤਮ ਨਾਮ ਹਨ, ਜਿਵੇਂ ਕ੍ਰਿਪਾਲੂ, ਸਿਰਜਨਹਾਰ ਆਦਿ।ਇਹ ਕਿਰਤਮ ਨਾਮ ਮਨੁੱਖ ਨੇ ਰੱਬ ਦੇ ਗੁਣ, ਸ਼ਕਤੀ ਅਤੇ ਕਰਮ ਆਦਿ ਨੂੰ ਅਨੁਭਵ ਕਰਕੇ ਆਪ ਘੜੇ ਹਨ।ਗੁਰਬਾਣੀ ਵਿਚ ਸਤੁ, ਸਤਿਆ, ਸਚਿ, ਸਚੁ, ਸਚਾ ਆਦਿ ਕਈ ਭੇਦਾਂ ਵਿਚ ਇਹ ਸ਼ਬਦ ਮਿਲਦਾ ਹੈ।ਗੁਰੂ ਗ੍ਰੰਥ ਸਾਹਿਬ ਦਾ ਕੋਈ ਐਸਾ ਅੰਗ ਨਹੀ, ਜਿਸ ਵਿਚ ਸੱਚ ਅਤੇ ਨਾਮ ਦਾ ਵਿਸ਼ਾ ਨਾ ਹੋਵੇ।ਗੁਰਬਾਣੀ ਵਿਚ ਨਾਮ ਸਿਮਰਨ ਰਾਹੀਂ ਸੱਚ ਜਾਂ ਸੱਤ ਦੀ ਪ੍ਰਾਪਤੀ ਦਾ ਮਾਰਗ ਦਰਸ਼ਨ ਸਪੱਸਟ ਦੱਸਿਆ ਹੈ। ਸੰਸਕ੍ਰਿਤ ਦੇ ਸਤਯ ਨੂੰ ਪੰਜਾਬੀ ਵਿਚ ਸਤਿ ਕਰਕੇ ਲਿਖਿਆ ਗਿਆ ਹੈ, ਸੰਸਕ੍ਰਿਤ ਵਿਚ ਸਤਯ ਦਾ 'ਯ' ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਪੰਜਾਬੀ ਵਿਚ (ਿ) ਸਿਹਾਰੀ ਬਣ ਜਾਂਦਾ ਹੈ।ਸਤਿ ਦੇ ਹੀ ਸਮਾਨ ਅਰਥਾਂ ਵਾਲਾ ਸ਼ਬਦ 'ਸੱਚ' ਵੀ ਗੁਰਬਾਣੀ ਵਿਚ ਬਹੁਤ ਵਾਰੀ ਆਉਂਦਾ ਹੈ, ਇਨ੍ਹਾਂ ਦੋਹਾਂ ਸ਼ਬਦਾਂ ਨੂੰ ਵਧੇਰੇ ਕਰਕੇ ਪ੍ਰਮਾਤਮਾ, ਪਰਮ ਸੱਤਾ ਦੀ ਹੋਂਦ, ਹਸਤੀ, ਸੱਤਤਾ, ਪ੍ਰਮਾਤਮਾ ਦੀ ਮੌਜੂਦਗੀ (ਵਿਆਪਕਤਾ) ਤੇ ਸਦੀਵਤਾ ਲਈ ਵਰਤਿਆ ਗਿਆ ਹੈ।

**ਸਤਿ ਦੇ ਅਰਥ** = ੧. 'ਸਤਿ' ਮਾਨੋ '੧' ਦਾ ਹੀ ਟੀਕਾ ਹੈ, ਇਕ ਹੈ ਮੂਲ ਹਸਤੀ ਜੋ ਹਰ ਹਾਲ ਵਿਚ '੧' ਹੈ।ਅਬਦਲ ਹੈ,

ਕਦੇ ਦੂਜਾ ਨਹੀ, ਸਦਾ ਥਿਰ ਹੈ।ਅਗੇ ਚਲ ਕੇ 'ਆਦਿ ਸਚੁ ਜੁਗਾਦਿ ਸਚੁ।ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਆਖ ਕੇ ਗੁਰੂ ਜੀ ਨੇ 'ਸਤਿ' ਪਦ ਦਾ ਭਾਵ ਆਪ ਹੀ ਖੋਲ੍ਹ ਦਿਤਾ ਹੈ (ਭਾ. ਵੀਰ ਸਿੰਘ)।ਪਰਮ ਆਤਮਾ, ਸਰਬ ਵਿਆਪੀ ਜੋਤ, ਸੱਤ ਸਰੂਪ ਪਾਰਬ੍ਰਹਮ।

੨. ਤਿੰਨਾਂ ਕਾਲਾਂ (ਭੂਤ, ਵਰਤਮਾਨ ਅਤੇ ਭਵਿਖ) ਵਿਚ ਹੋਂਦ ਵਾਲਾ, ਅਸਲੀ, ਸਦਾ ਕਾਇਮ ਰਹਿਣ ਵਾਲਾ ਹੈ।ਵਾਸਤਵਿਕ, ਯਥਾਰਕ, ਮੂਲ, ਅਸਲ, ਸਹੀ, ਸੱਚ, ਸਦਾ ਥਿਰ ਰਹਿਣ ਵਾਲਾ ਚੇਤਨ ਵਜੂਦ।

੩. ਫਾਰਸੀ ਵਿਚ ਸਤਿ ਦੇ ਸਮਾਨ ਅਰਥਾਂ ਵਾਲਾ ਲਫਜ ਅਸਤ / ਹਸਤ ਹੈ, ਜਿਸ ਦੇ ਅਰਥ ਹਨ = ਹੋਂਦ ਵਾਲਾ, ਹੈ, ਸੱਤਾ, ਸੰਸਾਰ।

੪. ਸਦਾ ਇਕ ਰਸ ਰਹਿਣ ਵਾਲਾ ਪ੍ਰੀਵਰਤਨ ਰਹਿਤ ਸੱਚ।ਕਈ ਵਿਦਵਾਨਾਂ ਨੇ ਸਤਿ ਨੂੰ ਨਾਮ ਦਾ ਵਿਸ਼ੇਸਣ ਮੰਨ ਕੇ ਅਰਥ ਕੀਤੇ ਹਨ = ਪ੍ਰਮਾਤਮਾ ਦਾ ਨਾਮ ਸੱਚਾ ਹੈ ਜਾਂ ਕੇਵਲ ਸੱਚਾ ਨਾਮ ਜਾਂ ਕੇਵਲ ਨਾਮ ਹੈ ਅਤੇ ਉਹ ਹੀ ਸੱਚ ਹੈ।ਕੇਵਲ ੧ੴ ਹੀ ਅਸਲ ਵਿਚ ਸਤਿ ਨਾਮ ਜਾਂ ਸੱਚਾ ਨਾਮ ਹੈ, ਪ੍ਰਮਾਤਮਾ ਦੇ ਬਾਕੀ ਸਾਰੇ ਨਾਮ ਕਿਰਤਮ ਹਨ।

੫. ਸਤਿ ਦੇ ਕੁਝ ਹੋਰ ਵੀ ਅਰਥ ਵਿਦਵਾਨਾਂ ਨੇ ਕੀਤੇ ਹਨ = ਪਵਿਤ੍ਰ, ਆਦਰ ਸਨਮਾਨ, ਪੂਜਨੀਕ, ਭਲਾ, ਪ੍ਰਤੱਖ, ਜੀਵਾਤਮਾ, ਮਨ, ਬਲ, ਧਰਮ, ਪੁੰਨ, ਦਾਨ, ਸਤੋ ਗੁਣ, ਗਿਣਤੀ ਵਾਲਾ ਅੰਕ ੭, ਸਤ੍ਰ ਪ੍ਰਾਣ ਆਦਿ।

ਜਿਵੇਂ ਉਪਰ ਦਸਿਆ ਜਾ ਚੁਕਾ ਹੈ ਕਿ 'ਸਤਿ ਨਾਮ' ਇਕ ਲਫਜ ਨਹੀ, ਅਤੇ ਨਾ ਹੀ 'ਸਤਿ' ਨਾਮ ਦਾ ਵਿਸ਼ੇਸਣ ਮੰਨਿਆ ਗਿਆ ਹੈ।ਸਤਿ ਅਤੇ ਨਾਮ ਦੋਵੇਂ ਪ੍ਰਮਾਤਮ-ਸੱਤਾ ਦੀ ਹੋਂਦ ਅਤੇ ਮੌਜੂਦਗੀ ਦਰਸਾਉਣ ਵਾਲੇ ਸ਼ਬਦ ਹਨ।ਸਤਿ ਦੀ ਸੱਤਾ ਨਾਮ ਰੂਪ ਵਿਚ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਭਾਵ 'ਸਤਿ' ਸੱਚ ਸਰੂਪ ਵਿਚ ਨਾਮ ਰਾਹੀਂ ਵਿਆਪਕ ਹੈ, ਜਿਸ ਨੂੰ ਨਾਮ ਸਿਮਰਨ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ।ਅਕਾਲ ਪੁਰਖ ਸੱਚ ਵੀ ਹੈ ਅਤੇ ਨਾਮ ਵੀ।ਗੁਰੂ ਜੀ ਨੇ ਇਸ ਸਤਿ ਨਾਮ ਦੇ ਭਾਵ ਆਪ ਹੀ ਦਸ ਦਿਤੇ ਹਨ 'ਸਾਚਾ ਸਾਹਿਬੁ ਸਾਚੁ ਨਾਇ' (ਜਪੁ ਜੀ, ਪੌੜੀ ੪), ਨਿਰੰਕਾਰ ਆਪ ਸਤਿ ਹੈ ਅਤੇ ਉਸਦਾ ਨਾਮ ਵੀ ਸਤਿ ਹੈ।

ਭਾਰਤੀ ਦਰਸ਼ਨ ਵਿਚ ਸਤਯ = ਵੇਦਾਂ ਵਿਚ ਬਹੁ ਦੇਵ ਵਾਦ ਦੀ ਪੂਜਾ ਹੀ ਪ੍ਰਧਾਨ ਹੈ ਪਰ, ਕਿਤੇ ਕਿਤੇ ਪਰਮ ਸੱਤ ਦਾ ਥੋੜਾ ਜਿਹਾ ਜਿਕਰ ਆਉਂਦਾ ਹੈ।ਰਿਗ ਵੇਦ ਦੇ ਇਕ ਮੰਤਰ ਅਨੁਸਾਰ ਜਗਤ ਉਤਪਤੀ ਤੋਂ ਪਹਿਲਾਂ ਸੱਚ ਹੀ ਸੀ ਅਤੇ ਸੱਚ ਵਿਚ ਅਕਾਸ਼ ਪ੍ਰਿਥਵੀ ਵਾਯੂ ਆਦਿ ਸਥਿਰ ਹਨ।ਉਪਨਿਸ਼ਦਾਂ ਵਿਚ ਵੇਦਾਂ ਦੇ ਵੈਦਿਕ ਕਰਮ ਕਾਂਡ ਅਤੇ ਬਹੁ ਦੇਵ ਵਾਦ ਪੂਜਾ ਦਾ ਖੰਡਨ ਹੈ।ਉਪਨਿਸ਼ਦਾਂ ਨੇ ਇਕ ਬ੍ਰਹਮ ਦੀ ਸੱਤਾ ਸਵੀਕਾਰ ਕੀਤੀ ਹੈ।ਬ੍ਰਹਮ ਨੂੰ ਸੱਤਯ ਨਾਲ ਅਭੇਦ ਦਸਿਆ ਹੈ ਅਤੇ ਅਰਦਾਸ ਕੀਤੀ ਹੈ, ਹੇ ਈਸ਼ਵਰ! ਮੈਨੂੰ ਅਸਤਿ ਤੋਂ ਸਤਿ ਵਲ, ਮ੍ਰਿਤੂ ਤੋਂ ਅੰਮ੍ਰਿਤ ਵਿਚ, ਅੰਧਕਾਰ ਤੋਂ ਪ੍ਰਕਾਸ਼ ਵੱਲ, ਲੈ ਜਾ।ਛਾਂਦੋਗ ਉਪਨਿਸ਼ਦ ਅਨੁਸਾਰ ਬ੍ਰਹਮ ਦਾ ਨਾਮ ਸਤਯਮ ਹੈ, ਜੋ ਸੱਤ ਤੇ ਯਮ ਦਾ ਜੋੜ ਹੈ, ਜਿਸ ਦਾ ਭਾਵ ਹੈ, ਸਦੀਵਤਾ ਅਤੇ ਜੀਵ।ਭਗਵਤ ਗੀਤਾ ਵਿਚ ਸਤਯ ਨੂੰ ਪਰਮ ਕਾਰਣ ਕਿਹਾ ਗਿਆ ਹੈ।

ਨਿਆਇ, ਵੈਸ਼ੇਸ਼ਿਕ ਅਤੇ ਸਾਂਖ ਸ਼ਾਸਤ੍ਰ ਈਸ਼ਵਰ ਦੀ ਸੱਤਾ ਨੂੰ ਸਵੀਕਾਰ ਨਹੀ ਕਰਦੇ, ਇਹ ਭੌਤਿਕ ਨਿਸ਼ਚੇ ਵਾਲੇ ਸ਼ਾਸਤ੍ਰ ਇਹ ਵੀ ਨਹੀਂ ਮੰਨਦੇ ਕਿ ਬ੍ਰਹਿਮੰਡ ਦੀ ਉਤਪਤੀ ਦਾ ਮੂਲ ਕਾਰਣ ਬ੍ਰਹਮ ਹੀ ਹੈ।ਸ਼ੰਕਰ ਦੇ ਅਦ੍ਵੈਤਵਾਦ ਅਨੁਸਾਰ ਸਭ ਬ੍ਰਹਮ ਹੀ ਬ੍ਰਹਮ ਹੈ, ਜੀਵ ਤੇ ਜਗਤ ਦੀ ਹੋਂਦ ਅਵਿਦਿਆ ਕਾਰਣ ਪ੍ਰਤੀਤ ਹੁੰਦੀ ਹੈ।ਸ਼ੰਕਰ ਜਗਤ ਨੂੰ ਭਰਮ ਅਤੇ ਭੁਲੇਖੇ ਦੀ ਉਪਜ ਕਹਿੰਦਾ ਹੈ, ਸ਼ੰਕਰ ਦੇ ਅਦ੍ਵੈਤ ਵਾਦ ਵਿਚ ਜਗਤ ਤੇ ਜੀਵ ਦੀ ਸਤਿਅਤਾ ਦਾ ਕੋਈ ਸਥਾਨ ਨਹੀ।ਪਤੰਜਲੀ ਅਨੁਸਾਰ ਕਲੇਸ਼ਾਂ ਤੋਂ ਬਚ ਕੇ ਆਤਮ ਸਰੂਪ ਦੀ ਪਛਾਣ ਹੀ ਸਤਿ ਹੈ, ਜਿਸ ਦੀ ਪ੍ਰਾਪਤੀ ਯੋਗਾ ਅਭਿਆਸ ਅਤੇ ਪ੍ਰਾਣਾਯਾਮ ਨਾਲ ਹੀ ਸੰਭਵ ਹੈ।ਜੀਵ-ਜਗਤ ਦੇ ਸਬੰਧ ਨੂੰ ਪਤੰਜਲੀ ਨਹੀ ਜਾਣ ਸਕਿਆ।

ਅਜੇਹੀ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਕਾਲ ਪੈ ਗਿਆ ਅਤੇ ਕੂੜ ਦਾ ਹਰ ਪਾਸੇ ਬੋਲ ਬਾਲਾ ਦਿਸ ਰਿਹਾ ਦਸਿਆ ਹੈ {ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ ੪੬੮}।ਸੱਚ ਦੀ ਅਣਹੋਂਦ ਹੋਣ ਕਰਕੇ ਹੀ ਧਾਰਮਿਕ ਫਿਰਕੇ ਪਰਮ ਸੱਤ ਨੂੰ ਭੁਲਾ ਕੇ ਆਪਸ ਵਿਚ ਲੜ ਮਰਦੇ ਹਨ {ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ (ਵਾਰ ੧-੨੧, ਭਾ.ਗੁ.)

ਗੁਰਮਤਿ ਵਿਚ 'ਸਤਿ' = ਗੁਰਮੱਤ ਵਿਚ 'ਸਤਿ' ਸ਼ਬਦ ਦੀ ਬਹੁਤ ਮਹਾਨਤਾ ਹੈ, ਸਤਿ ਤੋਂ ਬਣੇ ਸਮਾਸਾਂ ਦੀ ਗੁਰਬਾਣੀ, ਸਿੱਖ ਜੀਵਨ ਅਤੇ ਸਿੱਖ ਧਰਮ ਦੇ ਦੂਜੇ ਗ੍ਰੰਥਾਂ ਵਿਚ ਬਹੁ ਪ੍ਰਕਾਰੀ ਵਰਤੋਂ ਮਿਲਦੀ ਹੈ, ਜਿਵੇਂ ਸਤਿਗੁਰੂ ,ਸਤਿ ਸੰਗਤ, ਸਤਿ ਸੰਗ, ਸਤਿ ਸਬਦ, ਸਤਿ ਸਰੂਪ, ਸਤਿ ਸ੍ਰੀ ਅਕਾਲ, ਸਤਿ ਕਰਤਾਰ, ਸਤਿਗੁਰ ਪ੍ਰਸਾਦਿ, ਸਤਿ ਜਾਪ, ਸਤਿ ਪਦਾਰਥ, ਸਤਿ ਪੁਰਖ, ਸਤਿ ਬਾਣੀ, ਸਤਿਵਾਦੀ ਆਦਿ।ਇਸੇ ਤਰ੍ਹਾਂ ਸਤਿ ਦਾ ਦੂਜਾ ਰੂਪ ਸਚ ਵੀ ਗੁਰੂ ਗਰੰਥ ਸਾਹਿਬ ਅਤੇ ਦੂਜੇ ਸਿੱਖ ਗ੍ਰੰਥਾਂ ਵਿਚ ਛਾਇਆ ਹੋਇਆ ਹੈ, ਜਿਵੇਂ ਕਿ ਸਚਾ ਸਰੋਵਰ, ਸਚਖੰਡ, ਸਚ ਸਾਖੀ, ਸਚ ਸੋਹਿਲਾ, ਸਚ ਘਰ, ਸਚ ਭਾਉ, ਸਚ ਮਹਿਲ, ਸਚ ਮਨਾ, ਸਚਾ ਸਬਦ, ਸਚਾ ਸਤਿਗੁਰੂ, ਸਚਿ ਸੰਜਮ, ਸਚੀ ਟਕਸਾਲ, ਸਚੀ ਦਾਹੜੀ, ਸਚੀ ਬਾਣੀ, ਸਚੀ ਪਤਿ, ਸਚੀ ਬੇੜੀ, ਸਚੀ ਰਾਸਿ, ਸਚ ਸਚਾ, ਸਚਾ

ਨਿਆਉ, ਸਚਾ ਪਾਤਸ਼ਾਹ, ਸਚਿ ਦਾ ਨੰਦ, ਸਚਿਆਰ ਆਦਿ।ਇਨ੍ਹਾਂ ਸਮਾਸਾਂ ਵਿਚ ਪ੍ਰਮਾਤਮਾ, ਜਗਤ ਅਤੇ ਜੀਵ ਸਤਿ ਦੀ ਸੰਧੀ ਵਿਚ ਬੰਨ੍ਹਿਆ ਹੈ ਭਾਵ ਪ੍ਰਮਾਤਮਾ, ਜਗਤ ਅਤੇ ਜੀਵ ਸਤਿ ਦੀ ਸ਼ਕਤੀ ਵਿਚ ਆਪਸ ਵਿਚ ਜੁੜਿਆ ਹੋਇਆ ਹੈ।ਗੁਰੂ ਨਾਨਕ ਦੇਵ ਜੀ ਨੇ ੧ੴ ਦੀ ਸੱਤਿਅਤਾ ਨੂੰ ਸਤਿ ਵਿਚ ਪ੍ਰਗਟ ਕੀਤਾ ਹੈ {ਏਕੇ ਕਉ ਸਚੁ ਏਕਾ ਜਾਣੈ, ਹਉਮੈ ਦੂਜਾ ਦੂਰ ਕੀਆ ੯੪੦}।

ਤ੍ਰੈ ਕਾਲ ਅਤੀਤ ਸਤਿ = ਕਈ ਵਿਦਵਾਨਾਂ ਨੇ ਤਿੰਨਾਂ ਕਾਲਾਂ (ਵਰਤਮਾਨ, ਭੂਤ ਅਤੇ ਭਵਿਖ) ਵਿਚ ਇਕ ਰਸ ਰਹਿਣ ਵਾਲਾ ਸੱਚ ਅਰਥਾਤ ਤਿੰਨਾਂ ਕਾਲਾਂ ਵਿਚ ਜਿਸ ਦੀ ਹੋਂਦ ਸਦਾ ਕਾਇਮ ਰਹਿੰਦੀ ਹੈ, ਅਰਥ ਕੀਤੇ ਹਨ।ਸਤਿ ਦਾ ਅਰਥ ਜੇ 'ਸਦਾ ਕਾਇਮ ਰਹਿਣ ਵਾਲਾ ਸਚ' ਕੀਤਾ ਜਾਵੇ ਤਾਂ ਇਹ ਤਿੰਨਾਂ ਕਾਲਾਂ ਵਿਚ ਸਦਾ ਰਹਿਣ ਵਾਲਾ ਸਚ ਨਹੀ, ਸੱਗੋਂ ਕਾਲ (ਸਮਾਂ) ਰਹਿਤ ਸਦੀਵਤਾ ਹੈ। ਗੁਰਮਤਿ ਵਿਚ ਕਾਲ ਅਨਾਦੀ ਨਹੀ ਭਾਵ ਕਾਲ (ਸਮਾਂ) ਵੀ ਆਦਿ ਅੰਤ ਵਾਲਾ ਹੈ।ਗੁਰਮਤਿ ਵਿਚ 'ਸਤਿ' ਤ੍ਰੈ ਕਾਲ ਸਤਿ ਨਹੀ, ਤ੍ਰੈ ਕਾਲ ਅਤੀਤ 'ਸਤਿ' ਹੈ।ਗੁਰਮਤਿ ਅਨੁਸਾਰ ਸਾਰੀ ਰਚਨਾ, ਖੰਡ, ਬ੍ਰਹਿਮੰਡ, ਸੂਰਜ, ਚੰਦ੍ਰਮਾ, ਧਰਤੀ, ਅਕਾਸ਼ ਅਤੇ ਤਿੰਨ ਗੁਣਾਂ ਆਦਿ ਦੇ ਨਾਲ ਨਾਲ ਕਾਲ (ਸਮੇਂ) ਦੀ ਵੀ ਰਚਨਾ ਹੋਈ, ਜਿਸ ਨਾਲ ਦਿਨ ਰਾਤ ਹੋਂਦ ਵਿਚ ਆਏ {ਓਅੰਕਾਰਿ ਉਤਪਤੀ।ਕੀਆ ਦਿਨਸੁ ਸਭ ਰਾਤੀ (ਮ.੫) ੧੦੦੩}।'ਆਦਿ ਸਚੁ' ਵਾਲੀ ਪੰਗਤੀ ਸਾਨੂੰ ਇਹ ਗਿਆਨ ਕਰਾ ਰਹੀ ਹੈ ਕਿ ਸ੍ਰਿਸਟੀ ਰਚਨਾ ਤੋਂ ਪਹਿਲਾਂ ਵਾਲੀ ਅਵਸਥਾ ਵਿਚ ਵੀ ਉਸ ਨਿਰੰਕਾਰ ਦੀ ਹੋਂਦ ਸੀ ਅਤੇ 'ਨਾਨਕ ਹੋਸੀ ਭੀ ਸਚੁ' ਤੋਂ ਪ੍ਰਗਟ ਹੈ ਕਿ ਰਚਨਾ ਦੀ ਸਮਾਪਤੀ ਤੋਂ ਬਾਦ ਵੀ ਨਿਰੰਕਾਰੀ ਹੋਂਦ ਸਦਾ ਕਾਇਮ ਰਹਿੰਦੀ ਹੈ।ਪ੍ਰਮਾਤਮਾ ਦੀ ਹੋਂਦ ਤਿੰਨਾਂ ਕਾਲਾਂ ਵਿਚ ਵੀ ਅਤੇ ਕਾਲ ਤੋਂ ਪਰੇ ਪਰਾਕਾਲ (ਅਕਾਲ) ਵੀ ਹੈ ਭਾਵ ਨਿਰੰਕਾਰ ਕਾਲ (ਸਮੇਂ) ਦੇ ਦੌਰਾਨ ਵੀ ਅਤੇ ਜਦ ਕਾਲ ਦਾ ਅੰਤ ਹੋ ਜਾਂਦਾ ਹੈ, ਉਦੋਂ ਵੀ ਸਦਾ ਥਿਰ ਰਹਿੰਦਾ ਹੈ {ਹੈ ਹੈ ਆਖਾਂ ਕੋਟਿ ਕੋਟਿ, ਕੋਟੀ ਹੂ ਕੋਟਿ ਕੋਟਿ।ਆਖੂੰ ਆਖਾਂ ਸਦਾ ਸਦਾ, ਕਹਿਣ ਨ ਆਵੈ ਤੋਟਿ (ਮ.੧) ੧੨੪੧}।ਗੁਰਮਤਿ ਅਨੁਸਾਰ ਸਤਿ 'ਸਦਾ ਸਲਾਮਤਿ ਨਿਰੰਕਾਰ' ਹੈ, ਸਮੇਂ ਦਾ ਨਿਰੰਕਾਰ ਉਤੇ ਕੋਈ ਪ੍ਰਭਾਵ ਨਹੀਂ।ਉਸ ਦਾ ਸਰੂਪ 'ਆਦਿ ਅਨੀਲ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਵਾਲਾ ਹੈ।ਪ੍ਰਿਥਵੀ ਸੂਰਜ ਚੰਦ ਤਾਰੇ ਆਦਿ ਸਾਰੇ ਹੁਕਮ ਦੀ ਕਾਰ ਵਿਚ ਅਪਣੇ ਨਿਸਚਿਤ ਰਸਤੇ ਤੇ ਦੌੜੇ ਜਾਂਦੇ ਹਨ, ਪਰ ਸਤਿ ਸਰੂਪ ਹਸਤੀ ਨਿਹਚਲ ਹੈ, ਸਥਿਰ ਹੈ {ਸਭ ਦੁਨੀਆਂ ਆਵਣ ਜਾਵਣੀ, ਮੁਕਾਮੁ ਏਕੁ ਰਹੀਮ (ਮ.੧) ੬੪}।ਕਾਲ-ਪੁਲਾੜ, ਪ੍ਰੀਵਰਤਨ ਅਤੇ ਜਨਮ ਮਰਨ ਦੀ ਸੀਮਾ ਤੋਂ ਮੁਕਤ ਹੋਣ ਕਰਕੇ ਸੱਚ ਕਦੇ ਪੁਰਾਣਾ ਨਹੀ ਹੁੰਦਾ ਅਤੇ ਸਦਾ ਇਕ ਰਸ (ਇਕੋ ਜਿਹਾ) ਕਾਇਮ ਰਹਿੰਦਾ ਹੈ {ਸਚੁ ਪੁਰਾਣਾ ਹੋਵੈ ਨਾਹੀ ੯੫੫ ; ਸਚੁ ਪੁਰਾਣਾ ਨ ਥੀਐ ੧੨੪੮}।

ਸ੍ਰਿਸਟੀ ਰਚਨਾ ਨਿਰੰਕਾਰ ਦੀ ਖੇਡ ਹੈ ਅਤੇ ਰਚਨਾ ਰਚ ਕੇ ਇਸ ਵਿਚ ਆਪ ਮੌਜੂਦ ਰਹਿੰਦਾ ਹੈ।ਰਚਨਾ ਕਾਲ ਦੇ ਅੰਦਰ ਹੋਣ ਕਰਕੇ ਨਾਸ਼ਵੰਤ ਹੈ ਅਤੇ ਹਰ ਛਿਨ ਬਦਲਦੀ ਰਹਿੰਦੀ ਹੈ, ਇਸ ਕਰਕੇ ਰਚਨਾ ਨੂੰ ਸਤਿ ਦੇ ਉਲਟ ਅਸਤਿ ਅਤੇ ਸੱਚ ਦੇ ਉਲਟ ਕੱਚ ਆਖਿਆ ਹੈ।ਪਰ ਇਹ ਵੇਦਾਂਤੀਆਂ ਦੇ ਛਲ, ਧੋਖਾ, ਭਰਮ, ਹਨ੍ਹੇਰੇ ਵਿਚ ਪਈ ਰੱਸੀ ਨੂੰ ਸੱਪ ਸਮਝਣ ਵਾਂਗ ਜਾਂ ਸਹੇ ਦੇ ਸਿੰਗਾਂ ਵਰਗੀ ਅਣਹੋਂਦ ਨਹੀ।ਵਾਹਿਗੁਰੂ ਸਤਿ ਹੈ ਅਤੇ ਰਚਨਾ ਨੂੰ ਅਸਤਿ ਅਤੇ ਬਦਲਣ ਵਾਲੀ ਕਿਹਾ ਹੈ ਕਿਉਂਕਿ ਇਹ ਨਾਸ਼ਵੰਤ ਹੈ, ਪਰ ਨਾਸ ਹੋ ਕੇ ਵਾਹਿਗੁਰੂ ਵਿਚ ਸਮਾ ਜਾਂਦੀ ਹੈ, ਫਿਰ ਦੁਬਾਰਾ ਪੈਦਾ ਹੋ ਜਾਂਦੀ ਹੈ =

ਜਬ ਉਦਕਰਖ ਕਰਾ ਕਰਤਾਰਾ।ਪ੍ਰਜਾ ਧਰਤ ਤਬ ਦੇਹ ਅਪਾਰਾ।
ਜਬ ਆਕਰਖ ਕਰਤ ਕਬਹੂੰ।ਤੁਮ ਮੈ ਮਿਲਤ ਦੇਹ ਧਰ ਸਭਹੂੰ। (ਪਾ.੧੦) ਚੌਪਈ।

ਗੁਰਮਤਿ ਅਨੁਸਾਰ ਸ੍ਰਿਸਟੀ ਵਾਹਿਗੁਰੂ ਦੀ ਰਚੀ ਹੋਈ ਹੈ ਅਤੇ ਆਪ ਇਸ ਵਿਚ ਵਿਦਮਾਨ ਹੈ, ਇਸ ਨੂੰ ਦੇਖ ਕੇ ਖੁਸ਼ ਹੋ ਰਿਹਾ ਹੈ {ਦੁਯੀ ਕੁਦਰਤ ਸਾਜੀਐ, ਕਰਿ ਆਸਣਿ ਡਿਠੋ ਚਾਉ (ਮ.੧) ੪੬੩}।ਜੇ ਸ੍ਰਿਸਟੀ ਰਚਨਾ ਹੀ ਨਹੀ, ਤਾਂ ਕਿਰਤ ਬਿਨਾ ਕਰਤਾ ਦੇ ਕੀ ਅਰਥ ਹੋ ਸਕਦੇ ਹਨ।ਜੇ ਸ੍ਰਿਸਟੀ ਰਚਨਾ ਭਰਮ ਜਾਂ ਛਲਾਵਾ ਹੀ ਹੈ, ਤਾਂ ਇਸ ਵਿਚ ਆਸਣ ਲਾ ਕੇ ਖੁਸ਼ ਹੋਣ ਦੇ ਕੋਈ ਅਰਥ ਨਹੀ।ਰਚਨਾ ਭਰਮ, ਧੋਖਾ ਜਾਂ ਛਲ ਨਹੀਂ, ਇਹ ਤਾਂ ਸਚੇ ਕਰਤੇ ਦੀ ਸਚੀ ਕਿਰਤ ਹੈ =

ਸਚੇ ਤੇਰੇ ਖੰਡ ਸਚੇ ਬ੍ਰਹਮੰਡ।ਸਚੇ ਤੇਰੇ ਲੋਅ ਸਚੇ ਆਕਾਰ।(ਮ. ੧) ੪੬੩
ਸੋ ਪ੍ਰਭ ਸਾਚਾ ਸਦ ਹੀ ਸਾਚਾ, ਸਾਚਾ ਸਭ ਅਕਾਰਾ (ਮ. ੩) ੧੧੩੧

ਸਚੁ ਸਚੁ ਸਚੁ ਸਭੁ ਕੀਨਾ।(੨੭੯); ਆਪਿ ਸਤਿ ਕੀਆ ਸਭੁ ਸਤਿ।ਤਿਸੁ ਪ੍ਰਭ ਤੇ ਸਗਲੀ ਉਤਪਤਿ। (੨੯੪)

ਕੂੜੁ ਰਾਜਾ ਕੂੜੁ ਪਰਜਾ, ਕੂੜੁ ਸਭੁ ਸੰਸਾਰੁ ੪੬੮, ਕੂੜ ਇਸ ਲਈ ਕਿਹਾ ਹੈ ਕਿਉਂਕਿ ਮਨੁੱਖ ਸੰਸਾਰ ਵਿਚ ਬਿਰਾਜਮਾਨ ਸਤਿ ਸਰੂਪ ਨਿਰੰਕਾਰ ਨੂੰ ਛਡ ਕੇ ਨਾਸ਼ਵੰਤ ਸੰਸਾਰ ਨਾਲ ਪਿਆਰ ਕਰਦਾ ਹੈ।ਨਾਸਵੰਤ ਸੰਸਾਰ ਵਿਚ ਬੀਜ ਰੂਪ ਵਿਚ ਸਤਿ ਸਰੂਪ ਹਸਤੀ ਹੀ ਸਦਾ ਥਿਰ ਰਹਿਣ ਵਾਲੀ ਹੈ, ਜੋ ਸੰਸਾਰ ਦਾ ਆਸਰਾ ਹੈ {ਯਾ ਭੀਤਰਿ ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ ੧੧੮੬}।ਸਤਿ ਤੋਂ ਬਿਨਾ ਸਾਰੀ ਰਚਨਾ ਕੂੜ ਹੈ {ਨਾਨਕ ਸਚੁ ਧਿਆਇਨਿ ਸਚੁ ,ਜੋ ਮਰਿ ਜੰਮੇ ਸੁ ਕਚੁ ਨਿਕਚੁ ੪੬੩}, ਸਚ ਹੀ ਰਚਨਾ ਦਾ ਅਧਾਰ ਹੈ।ਰਚਨਾ ਨਿਰੰਕਾਰ ਦੇ ਰਹਿਣ ਦਾ ਸਥਾਨ ਹੈ, ਇਹ ਸਚੀ ਹੈ {ਇਹ ਜਗੁ ਸਚੇ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ ੪੬੩}।

ਸਚੇ ਤੇਰੇ ਖੰਡ, ਸਚੇ ਬ੍ਰਹਮੰਡ। ਸਚੇ ਤੇਰੇ ਲੋਅ, ਸਚੇ ਆਕਾਰ। ਸਚੇ ਤੇਰੇ ਕਰਣੇ, ਸਰਬ ਬੀਚਾਰ। (੪੬੩)।

ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਦੀ ਰਚਨਾ ਨੂੰ ਸਚ ਮੰਨਿਆ ਹੈ ਕਿਉਂਕਿ ਰਚਨਾ ਵਿਚ ਉਹ ਸਚ ਰਾਹੀਂ ਪ੍ਰਗਟ ਹੋ ਰਿਹਾ ਹੈ।

ਸਾਇੰਸ ਨੇ ਸੰਸਾਰ ਦਾ ਅੰਤਮ ਸੂਖਮ ਤੱਤ ਪਰਮਾਣੂ, ਇਲੈਕਟਰਾਨ ਜਾਂ ਨਿਊਟਰਾਨ ਨੂੰ ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਅੰਤਮ ਤੱਤ ਸੱਚ ਨੂੰ ਮੰਨਿਆ ਹੈ, ਸੱਚ ਤੋਂ ਹੀ ਇਹ ਖੇਡ ਅਰੰਭ ਹੋਈ {ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲ ਹੋਇ ੧੯} ।ਅਧੁਨਿਕ ਸਾਇੰਸ ਨੇ ਸੰਸਾਰ ਦੀ ਪੈਦਾਇਸ਼ ਗੈਸਾਂ (ਪਵਨ) ਤੋਂ ਮੰਨੀ ਹੈ, ਪਰ ਗੈਸਾਂ ਕਿਸ ਤੋਂ ਪੈਦਾ ਹੋਈਆਂ, ਸਾਇੰਸ ਕੋਲ ਕੋਈ ਜੁਆਬ ਨਹੀਂ। ਗੁਰੂ ਨਾਨਕ ਸਾਹਿਬ ਨੇ ਗੈਸਾਂ (ਪਵਨ) ਸੱਚ ਤੋਂ ਪੈਦਾ ਹੋਈਆਂ ਦਸੀਆਂ ਹਨ। ਸੱਚ ਹੀ ਸਾਰੀ ਰਚਨਾ ਦਾ ਮੂਲ ਤੱਤ ਹੈ। ਜੀਵ ਦੀ ਉਤਪਤੀ ਵੀ ਸਤਿ ਤੋਂ ਹੀ ਹੋਈ ਹੈ, ਸਚ ਨੂੰ ਪ੍ਰਾਪਤ ਕਰਕੇ ਮਨੁੱਖ ਸਚਿਆਰ ਹੋ ਜਾਂਦਾ ਹੈ {ਪਾਰਬ੍ਰਹਮ ਜਿਨਿ ਸਚੁ ਕਰਿ ਜਾਤਾ। ਨਾਨਕ ਸੋ ਜਨੁ ਸਚਿ ਸਮਾਤਾ (ਸੁਖਮਨੀ ਸਾਹਿਬ ੨੮੩}। ਰੱਬ ਸਚ ਹੈ ਅਤੇ ਸਚ ਰੱਬ ਹੈ।

**ਨਾਮ** = ਗੁਰਬਾਣੀ ਵਿਚ ਨਾਮ ਪਦ ਬਹੁਤ ਵਾਰੀ ਆਇਆ ਹੈ। 'ਨਾਮ' ਅਕਾਲ ਪੁਰਖ ਦੀ ਸਰਬ ਵਿਆਪਕ ਸ਼ਕਤੀ ਹੈ, ਜਿਸ ਰਾਹੀਂ ਸੂਤ੍ਰਧਾਰ ੧ੴ ਨੇ ਅਪਣੀ ਸਾਰੀ ਰਚਨਾ ਨੂੰ ਆਸਰਾ ਦੇ ਕੇ ਆਪਣੇ ਥਾਂ ਟਿਕਾਣੇ ਤੇ ਰਖਿਆ ਹੋਇਆ ਹੈ। ਗੁਰੂ ਰਾਮਦਾਸ ਜੀ ਨੇ ਨਾਮ ਦੀ ਪ੍ਰੀਭਾਸ਼ਾ ਸੋਰਠਿ ਰਾਗ ਵਿਚ ਵਰਨਣ ਕੀਤੀ ਹੈ =

ਆਪੇ ਸੂਤ ਆਪੇ ਬਹੁ ਮਣੀਆ, ਕਰਿ ਸਕਤੀ ਜਗਤੁ ਪਰੋਇ ॥ ਆਪੇ ਹੀ ਸੂਤਧਾਰ ਹੈ ਪਿਆਰਾ, ਸੂਤ ਖਿੰਚੇ ਢਹਿ ਢੇਰੀ ਹੋਇ ॥ (੬੦੫)। ਨਿਰੰਕਾਰ ਨੇ ਅਨੰਤ ਖੰਡ ਬ੍ਰਹਮੰਡ ਅਕਾਸ਼ ਆਦਿ ਬਣਾਏ ਅਤੇ ਇਨ੍ਹਾਂ ਸਭਨਾਂ ਨੂੰ ਨਾਮ ਰੂਪ ਧਾਗੇ ਦੀ ਸ਼ਕਤੀ ਨਾਲ ਇਕ ਨਿਯਮ ਬੱਧ ਤਰਤੀਬ ਵਿਚ ਪਰੋ ਕੇ ਰਖਿਆ ਹੋਇਆ ਹੈ {ਏਕੈ ਸੂਤਿ ਪਰੋਏ ਮਣੀਏ। ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ। ਫਿਰਤੀ ਮਾਲਾ ਬਹੁ ਬਿਧਿ ਭਾਇ। ਖਿੰਚਿਆ ਸੂਤੁ ਤ ਆਇ ਥਾਇ (ਮ.ਪ. ੮੮੬)}। ਮਾਲਾ ਦੀ ਬਣਤਰ ਵਿਚ ਧਾਗਾ ਇਕ ਹੈ, ਭਿੰਨ ਭਿੰਨ ਅਕਾਰ ਇਕ ਸੂਤ (ਨਾਮ) ਵਿਚ ਤਣੇ (ਪਰੋਏ) ਹੋਏ ਹਨ। ਜਿਵੇ ਮਾਲਾ ਚਲਦੀ ਹੈ, ਇਸੇ ਤਰ੍ਹਾਂ ਸਾਰੇ ਅਕਾਰ ਇਕ ਨਿਯਮਿਤ ਗਤੀ ਵਿਚ ਚਲ ਰਹੇ ਹਨ। ਜਦੋਂ ਨਾਮ ਰੂਪ ਧਾਗਾ ਨਿਰੰਕਾਰ ਖਿਚ ਲੈਂਦਾ ਹੈ ਤਾਂ ਸਾਰੇ ਅਕਾਰ ਅਪਣੀ ਥਾਂ ਨਿਰੰਕਾਰ ਵਿਚ ਸਮਾ ਜਾਂਦੇ ਹਨ। ਜਿਵੇਂ ਇਕ ਮਾਲਾ ਦੀ ਹੋਂਦ, ਮਣਕਿਆਂ ਵਿਚ ਪਰੋਏ ਧਾਗੇ ਕਰਕੇ ਹੁੰਦੀ ਹੈ। ਜੇ ਧਾਗਾ ਟੁੱਟ ਜਾਵੇ ਤਾਂ ਮਾਲਾ ਦੇ ਮਣਕੇ ਬਿਖਰ ਜਾਂਦੇ ਹਨ। ਇਸੇ ਤਰ੍ਹਾਂ ਜੇ ਨਾਮ ਰੂਪ ਧਾਗਾ ਨਿਰੰਕਾਰ ਦੇ ਬਣਾਏ ਅਕਾਰ ਰੂਪ ਮਣਕਿਆਂ ਵਿਚੋਂ ਨਿਕਲ ਜਾਵੇ ਤਾਂ ਦਿਸਦਾ ਅਤੇ ਅਣ ਦਿਸਦਾ ਸਭ ਕੁਛ ਢਹਿ ਢੇਰੀ ਹੋ ਜਾਵੇਗਾ। ਸਾਰੇ ਖੰਡ ਬ੍ਰਹਿਮੰਡ ਪੁਰੀਆਂ ਭਵਨਾਂ ਦੇ ਅਕਾਰ, ਨਿਰੰਕਾਰ ਦੀ ਮਾਲਾ ਦੇ ਮਣਕੇ ਸਮਝੋ ਅਤੇ ਨਾਮ ਦੇ ਧਾਗੇ ਨਾਲ ਇਨ੍ਹਾਂ ਮਣਕਿਆਂ ਨੂੰ ਪਰੋ ਕੇ ਟਿਕਾ ਕੇ ਰਖਿਆ ਹੈ {ਆਪਨ ਸੂਤਿ ਸਭੁ ਜਗਤੁ ਪਰੋਇ ੨੯੨ ; ਜਾਕੈ ਸੂਤਿ ਪਰੋਇਆ ਸੰਸਾਰ ੧੧੫੦; ਸਗਲ ਸਮਗ੍ਰੀ ਜਾਕੈ ਸੂਤੁ ਪਰੋਈ ੩੮੭}।

ਇਸ ਤਰ੍ਹਾਂ ਦੇ ਹੋਰ ਵੀ ਪ੍ਰਮਾਣ ਗੁਰਬਾਣੀ ਵਿਚ ਮਿਲਦੇ ਹਨ =

ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ, ਹਰਿ ਕਰਤੈ ਸਭ ਕਲ ਧਾਰੀ। ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ, ਸੂਤੁ ਖਿੰਚੈ ਏਕੰਕਾਰੀ ੫੦੭ (ਇਹ ਜਗਤ ਤਮਾਸ਼ਾ ਕਰਤਾ ਪੁਰਖ ਨੇ ਬਣਾਇਆ ਹੈ, ਕਰਤਾਰ ਨੇ ਇਸ ਵਿਚ ਅਪਣੀ ਸੱਤਾ ਟਿਕਾਈ ਹੋਈ ਹੈ। ਕਰਤਾਰ ਦੀ ਸੱਤਾ ਦਾ ਧਾਗਾ ਸਾਰੇ ਜਗਤ ਵਿਚ ਪਸਰਿਆ ਹੋਇਆ ਹੈ, ਜਦੋਂ ਧਾਗੇ ਨੂੰ ਖਿਚ ਲੈਂਦਾ ਹੈ ਤਾਂ ਕੇਵਕ ਇਕ ਕਰਤਾਰ ਹੀ ਰਹਿ ਜਾਂਦਾ ਹੈ ਅਤੇ ਜਗਤ ਦਾ ਖੇਲ ਅਲੋਪ ਹੋ ਜਾਂਦਾ ਹੈ)। ਜਹ ਜਹ ਪੇਖਉ ਤਹ ਨਾਰਾਇਣ, ਸਗਲ ਘਟਾ ਮਹਿ ਤਾਗਾ। (੬੮੨)

ਨਾਮ ਦੀ ਸ਼ਕਤੀ ਰਾਹੀਂ ਨਿਰੰਕਾਰ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਵਿਆਪਕ ਹੈ ਅਤੇ ਮਨੁਖੀ ਹਿਰਦੇ ਵਿਚ ਵੀ ਵਸਦਾ ਹੈ।

ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ। ...ਨਾਮ ਕੇ ਧਾਰੇ ਆਗਾਸ ਪਾਤਾਲ।
ਨਾਮ ਕੇ ਧਾਰੇ ਸਗਲ ਆਕਾਰ। ਨਾਮ ਕੇ ਧਾਰੇ ਪੁਰੀਆ ਸਭ ਭਵਨ। (ਮ.ਪ, ੨੮੪)।

ਗੁਰਬਾਣੀ ਵਿਚ ਨਾਮ ਨੂੰ ਪਰਮ ਤੱਤ ਆਖਿਆ ਹੈ {ਨਾਮ ਤਤੁ ਸਭ ਹੀ ਸਿਰਿ ਜਾਪੈ (ਸਿਧ ਗੋਸਟਿ ੯੪੩)}।

**ਨਾਮ ਦੇ ਅਰਥ** = ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਨਾਮ ਜਾਂ ਨਾਉਂ ਸੰਗਿਆ ਹੈ ਅਤੇ ਕਿਸੇ ਵਸਤੂ ਦੀ ਜਾਣਕਾਰੀ ਕਰਾਉਣ ਵਾਲਾ ਸ਼ਬਦ ਹੈ। ਨਾਮ ਦੇ ਮੁਖ ਦੋ ਭੇਦ ਹਨ = ਇਕ ਵਸਤੂ ਵਾਚਕ ਜਿਵੇਂ ਮਨੁੱਖ, ਬੈਲ, ਪਹਾੜ, ਨਦੀ (ਮਨੁੱਖਾਂ ਦੇ ਨਾਮ, ਪਹਾੜਾਂ ਦੇ ਨਾਮ, ਨਦੀਆਂ ਦੇ ਨਾਮ, ਦੇਸ਼ਾਂ ਦੇ ਨਾਮ) ਆਦਿ {ਮਾਇਆ ਨਾਮ ਗਰਭ ਜੋਨਿ ਕਾ...੬੯੩}। ਅਤੇ ਦੂਜਾ ਭਾਵ ਵਾਚਕ, ਜਿਵੇਂ ਸੁੰਦਰਤਾ, ਕਠੋਰਤਾ ਆਦਿ। ਭਾਈ ਵੀਰ ਸਿੰਘ ਅਨੁਸਾਰ ਗੁਰਬਾਣੀ ਵਿਚ ਨਾਮ ਪਦ ਵਿਸ਼ੇਸ਼ ਕਰਕੇ ਪ੍ਰਮਾਤਮਾ ਦੇ ਨਾਮ ਦਾ ਵਾਚਕ ਹੋ ਕੇ ਆਇਆ ਹੈ। 'ਨਾਮ' ਮਨੁੱਖ ਨੂੰ ਪ੍ਰਮਾਤਮਾ ਨਾਲ ਮਿਲਾਉਣ ਵਾਲੀ ਸੱਤਿਆ ਹੈ। 'ਨਾਮ' ਪ੍ਰਮਾਤਮਾ ਨਾਲ ਅਭੇਦ ਉਸ ਦੀ ਅਪਣੀ ਵਿਆਪਕ ਸ਼ਕਤੀ ਹੈ। 'ਨਾਮ' ਅਕਾਲ ਪੁਰਖ ਦੇ ਸਿਮਰਣ ਕਰਨ ਵਾਲਾ ਵਿਸ਼ੇਸ ਪਦ ਹੈ, ਜਿਸ ਦੇ ਸਿਮਰਨ ਤੋਂ ਮਹਾਨ ਅਨੰਦ ਅਤੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਨਾਮ ਪਦ ਥੋੜੇ ਫਰਕ ਨਾਲ ਮਿਲਦੇ ਜੁਲਦੇ ਰੂਪ ਵਿਚ ਹਰੇਕ ਭਾਸ਼ਾ ਵਿਚ ਆਉਂਦਾ ਹੈ

।ਜਿਵੇਂ ਅੰਗਰੇਜੀ ਵਿਚ NAME , ਸੰਸਕ੍ਰਿਤ ਵਿਚ ਨਾਮਨ, ਲਾਤੀਨੀ ਵਿਚ ਨੋਮਨ, ਜਰਮਨ ਵਿਚ ਨਾਮੁ, ਫਾਰਸੀ ਵਿਚ ਨਾਮ।

ਤਿੰਨਾਂ ਭਵਣਾਂ ਦੇ ਪਦਾਰਥਾਂ, ਥਾਂਵਾਂ, ਵਸਤਾਂ, ਜੀਵ ਜੰਤਾਂ ਆਦਿ ਦੇ ਨਾਮ ਪਰਿਣਾਮੀ (ਬਦਲਣ ਵਾਲੇ ਜੋ ਇਕੋ ਜਿਹੇ ਨਾ ਰਹਿਣ) ਭਾਵ ਨਾਸ਼ਵੰਤ ਹਨ।ਪਰ ਨਿਰੰਕਾਰ ਅਬਦਲ ਹੈ, ਸਦਾ ਸਤਿ ਹੈ, ਅਬਿਨਾਸੀ ਹੈ ਅਤੇ ਉਸਦਾ ਨਾਮ ਵੀ ਸਤਿ ਹੈ {ਨਿਰਭਉ ਨਿਰੰਕਾਰੁ ਸਚੁ ਨਾਮੁ ੪੬੫ ; ਤੇਰਾ ਨਾਮੁ ਸਚਾ ਜੀਉ ,ਸਬਦੁ ਸਚਾ ਵੀਚਾਰੋ ੨੪੩}।ਪ੍ਰਮਾਤਮਾ ਦਾ ਰੂਪ ਕੋਈ ਨਹੀ, ਉਹ ਕੇਵਲ ਨਾਮ ਹੈ, ਪਰਮਾਤਮਾ ਨੂੰ ਕਿਸੇ ਵਿਸ਼ੇਸ ਰੂਪ ਵਿਚ ਨਹੀ ਦਰਸਾਇਆ ਜਾ ਸਕਦਾ, ਉਹ ਕੇਵਲ ਨਾਮ, ਜੋਤਿ ਜਾਂ ਆਤਮਾ ਹੈ।ਨਾਮ ਪਰਮ-ਸਤਿ ਦੀ ਚੇਤਨ ਸੱਤਾ ਹੈ, ਜੋ ਸੂਖਮ ਤੋਂ ਸੂਖਮ ਤੇ ਸਥੂਲ ਤੋਂ ਸਥੂਲ ਰਚਨਾ ਵਿਚ ਵਿਆਪਕ ਹੈ {ਮੋਹਨ ਨਾਮੁ ਸਦਾ ਰਵਿ ਰਹਿਓ (ਮ.੫) ੨੪੧}।ਸਾਰੀ ਦਿਸਦੀ ਅਤੇ ਅਣ ਦਿਸਦੀ ਰਚਨਾ ਦਾ ਮੂਲ ਤੱਤ ਅਤੇ ਆਸਰਾ ਹੈ।ਇਸ ਦਾ ਟਿਕਾਣਾ ਹਰੇਕ ਜੀਵ ਦੇ ਅੰਦਰ ਹੈ {ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।ਦੇਹੀ ਮਹਿ ਇਸ ਕਾ ਬਿਸ੍ਰਾਮੁ ੨੯੩}, ਪ੍ਰਮਾਤਮਾ ਦਾ ਕੋਈ ਰੂਪ ਨਹੀ, ਉਹ ਕੇਵਲ ਨਾਮ ਹੈ।

ਭੌਤਿਕ ਵਿਗਿਆਨ ਦਾ ਸਬੰਧ ਸਥੂਲ ਅਤੇ ਦਿਸਦੇ ਸੰਸਾਰ ਨਾਲ ਹੈ, ਵਿਗਿਆਨ ਨੇ ਭੌਤਿਕਤਾ ਦੇ ਸੂਖਮ ਤੋਂ ਸੂਖਮ ਤੱਤ ਐਟਮ, ਪ੍ਰੋਟ੍ਰਾਨ ਅਤੇ ਇਲੈਕਟ੍ਰਾਨ ਦੀ ਖੋਜ ਕੀਤੀ।ਇਹ ਅੰਤਮ ਪੜਾ ਨਹੀ, ਵਿਗਿਆਨ ਇਸ ਤੋਂ ਵੀ ਸੂਖਮ ਤੱਤ ਦੀ ਭਾਲ ਵਿਚ ਹੈ।ਗੁਰੂ ਨਾਨਕ ਦੇਵ ਜੀ ਅਨੁਸਾਰ ਅੰਤਮ ਮੂਲ ਤੱਤ 'ਚੇਤਨ ਸੱਤਾ'(ਨਾਮ) ਹੈ।ਨਾਮ ਭੌਤਿਕ ਨਹੀ, ਪਰਾ ਭੌਤਿਕ ਹੈ, ਜੋਤ ਹੈ, ਚੇਤਨ ਸ਼ਕਤੀ ਹੈ, ਅਧਾਰ ਤੱਤ ਹੈ ਅਤੇ ਸਾਰੀ ਰਚਨਾ ਵਿਚ ਮੌਜੂਦ ਹੈ।ਨਾਮ ਰਾਹੀਂ ਮਨੁੱਖ ਸੰਸਾਰ ਤੋਂ ਉਪਰ ਉਠ ਕੇ ਨਿਰੰਕਾਰ ਨਾਲ ਜੁੜ ਸਕਦਾ ਹੈ।ਨਿਰੰਕਾਰ ਦਾ ਨਾਮ ਅਤੇ ਨਿਰੰਕਾਰ ਅਭੇਦ ਹਨ।ਨਿਰੰਕਾਰ ਦਾ ਨਾਮ ਨਿਰੰਕਾਰ ਦੀ ਚੇਤਨ ਸੱਤਾ ਹੋਣ ਕਰਕੇ ਨਾਮ ਵਿਚ ਵੀ ਉਹ ਹੀ ਗੁਣ ਹਨ, ਜੋ ਨਿਰੰਕਾਰ ਵਿਚ ਹਨ।ਨਿਰੰਕਾਰ ਅਲਖ ਨਿਰੰਜਨ ਅਗਮ ਅਗੋਚਰ ਅਤੇ ਅਬਿਨਾਸੀ ਹੈ, ਇਹੋ ਹੀ ਗੁਣ ਨਾਮ ਵਿਚ ਵੀ ਹਨ = ਨਾਮ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ੧੨੪੨ ; ਨਾਉ ਤੇਰਾ ਨਿਰੰਕਾਰ ਹੈ ੪੬੫ ; ਹਰਿ ਨਾਮ ਹਮਾਰਾ ਪ੍ਰਭ ਅਬਿਗਤ ਅਗੋਚਰ, ਅਬਿਨਾਸੀ ਪੁਰਖ ਬਿਧਾਤਾ ੫੯੨।ਨਾਮ ਸੱਚ ਦੀ ਪ੍ਰਾਪਤੀ ਦਾ ਸਾਧਨ ਹੈ ਅਤੇ 'ਸਚ' ਨਿਰੰਕਾਰ ਹੈ {ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ੨੬੩}।ਨਾਮ ਨਿਰਾ ਸੰਗਿਆ ਨਹੀ, ਨਾਮ ਜਪ ਹੈ, ਨਾਮ ਸਿਮਰਣ ਹੈ, ਨਾਮ ਲਿਵ ਹੈ, ਨਾਮ ਆਤਮ ਵਿਦਿਆ ਹੈ, ਜੋ ਮਨੁੱਖ ਨੂੰ ਨਿਰੰਕਾਰ ਨਾਲ ਮਿਲਾ ਦੇਂਦੀ ਹੈ {ਨਾਮ ਦੇਇ ਸਿਮਰਨੁ ਕਰਿ ਜਾਨਾ।ਜਗਜੀਵਨ ਸਿਉ ਜੀਉ ਸਮਾਨਾ ੮੫੮}।

ਓਅੰਕਾਰ ਅਤੇ ਨਾਮ ਸਮਾਨ ਅਰਥਾਂ ਵਾਲੇ ਹਨ, ਓਅੰਕਾਰ ਅਤੇ ਨਾਮ ਪ੍ਰਮਾਤਮਾ ਦੀ ਰਚਨਾ ਕਰਨ ਵਾਲੀ ਸ਼ਕਤੀ ਦੇ ਇਕ ਰੂਪ ਹੋਣ ਦੇ ਬਾਣੀ ਵਿਚ ਪ੍ਰਮਾਣ ਮਿਲਦੇ ਹਨ = {ਓਅੰਕਾਰਿ ਉਤਪਾਤੀ ੧੦੬੧ (ਅਤੇ) ਨਾਮੈ ਹੀ ਤੇ ਸਭੁ ਕਿਛੁ ਹੋਆ ੭੫੩ ; ਨਾਮੇ ਉਪਜੈ ਨਾਮੇ ਬਿਨਸੈ, ਨਾਮੇ ਸਚਿ ਸਮਾਏ ੨੪੬}।ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹੁਕਮ, ਨਾਮ ਅਤੇ ਸ਼ਬਦ ਨੂੰ ਸਮਾਨ ਅਰਥਾਂ ਵਾਲਾ ਅਤੇ ਇਕ ਰੂਪ ਦਸਿਆ ਹੈ = ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ, ਚਹੁ ਦਿਸਿ ਨਾਮੁ ਪਤਾਲੰ।ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ ੧੨੭੫ ; ਏਕੋ ਨਾਮ ਹੁਕਮੁ ਹੈ ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ (੭੨)।ਨਿਰੰਕਾਰ ਨੂੰ ਜਾਣਿਆ ਨਹੀ ਜਾ ਸਕਦਾ, ਪਰ ਨਾਮ ਰਾਹੀਂ ਸਭ ਜਗ੍ਹਾ ਮੌਜੂਦ ਹੋਣ ਕਰਕੇ ਨਾਮ ਰਾਹੀਂ ਮਨੁੱਖ ਦੀ ਸਮਝ, ਸੋਝੀ ਅਤੇ ਅਨੁਭਵ ਵਿਚ ਆ ਜਾਂਦਾ ਹੈ ।ਨਿਰੰਕਾਰ ਇਕ ਪੇੜ ਹੈ, ਨਾਮ ਰੂਪ ਟਾਹਣੀਆਂ ਉਤੇ ਅਨੇਕ ਤਰ੍ਹਾਂ ਦੇ ਫਲ ਅਤੇ ਫੁੱਲ ਲਗਦੇ ਹਨ {ਤੂ ਪੇਡ ਸਾਖ ਤੇਰੀ ਫੂਲੀ ੧੦੨}।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੈਂ ਨਾਮ ਵਿਚ ਵਸਦਾ ਹਾਂ ਅਤੇ ਨਾਮ ਮੈਥੋਂ ਵੱਖ ਨਹੀ, ਮੇਰੇ ਮਨ ਵਿਚ ਵਸਦਾ ਹੈ {ਨਾਵੈ ਅੰਦਰ ਹਉ ਵਸਾ, ਨਾਉ ਵਸੈ ਮਨਿ ਆਇ ੫੫}।

ਸਤਿਨਾਮ = ਸੱਤ ਸਰੂਪ ਕਰਤਾਰ ਦੀ ਸਭ ਖੰਡਾਂ ਬ੍ਰਹਮੰਡਾਂ ਵਿਚ ਮੌਜੂਦ ਚੇਤਨ-ਸੱਤਾ ਨੂੰ 'ਨਾਮ' ਕਿਹਾ ਹੈ, ਜੋ ਅਨੇਕ ਗੁਣਾਂ ਰਾਹੀ ਪ੍ਰਗਟ ਹੋ ਰਹੀ ਹੈ।ਪ੍ਰਮਾਤਮਾ ਦੇ ਬਹੁਤ ਨਾਮ ਹਨ, ਜੋ ਪ੍ਰਮਾਤਮਾ ਦੇ ਗੁਣਾਂ ਨੂੰ ਮੁਖ ਰਖ ਕੇ ਸਿਰਜੇ ਗਏ ਹਨ, ਜਿਵੇਂ ਰਾਮ, ਰਹੀਮ, ਸ਼ਿਆਮ, ਕ੍ਰਿਪਾਲੂ, ਦਿਆਲੂ, ਨਾਇਕ, ਮਾਤਾ, ਪਿਤਾ, ਸਖਾ, ਮਿਤ੍ਰ ਆਦਿ।ਇਹ ਸਾਰੇ ਪ੍ਰਮਾਤਮਾ ਦੇ ਕਿਸੇ ਇਕ ਗੁਣ ਤੋਂ ਬਣੇ ਨਾਮ ਹਨ, ਇਨ੍ਹਾਂ ਨਾਵਾਂ ਨੂੰ ਕਿਰਤਮ ਜਾਂ ਕਰਮ ਨਾਮ ਕਿਹਾ ਗਿਆ ਹੈ, ਪਰ ਕਿਰਤਮ ਨਾਮ ਵੀ ਪ੍ਰਮਾਤਮਾ ਦੀ ਹੋਂਦ ਨੂੰ ਪ੍ਰਗਟ ਕਰਦੇ ਹਨ ।ਪ੍ਰਮਾਤਮਾ ਦੀ ਹੋਂਦ ਅਤੇ ਮੁਢਲੇ ਭਾਵਾਂ ਨੂੰ ਦਸਣ ਵਾਲਾ ਸ਼ਬਦ 'ਸਤਿ' ਹੈ, ਇਹ ਨਾਮ ਪਰਾ ਪੂਰਬਲਾ (ਮੁਢਲਾ) ਨਾਮ ਹੈ, ਪ੍ਰਮਾਤਮਾ ਦੇ ਸਾਰੇ ਕਿਰਤਮ ਨਾਮ ਦਿਸਦੇ ਸੰਸਾਰ ਦੀ ਰਚਨਾ ਹੋਣ ਤੋਂ ਬਾਦ ਵਿਚ ਬਣੇ।ਗੁਰਬਾਣੀ ਵਿਚ 'ਸਤਿਨਾਮੁ' ਹੋਰ ਵੀ ਕਈ ਥਾਈਂ ਵਰਤਿਆ ਗਿਆ ਹੈ = ਸਤਿਨਾਮੁ ਪ੍ਰਭ ਕਾ ਸੁਖਦਾਈ (੨੮੪)।ਜਪਿ ਮਨ ਸਤਿਨਾਮੁ ਸਦਾ ਸਤਿਨਾਮੁ (੬੭੦)।ਸਤਿਨਾਮੁ ਹੈ ਹਰਿ ਭੋਗ ਤੁਹਾਰੇ (ਰਵਿਦਾਸ ੬੯੪)।ਭਾਈ ਗੁਰਦਾਸ ਜੀ ਨੇ ਵੀ ਇਸ ਪਦ ਦੀ ਵਰਤੋਂ ਕੀਤੀ ਹੈ = ਕਲਿਜੁਗ ਬਾਬੇ ਤਾਰਿਆ, ਸਤਿਨਾਮ ਪੜਿ ਮੰਤ੍ਰ ਸੁਣਾਇਆ (ਵਾਰ ੧-੩੭); ਸਤਿ ਰੂਪ ਸਤਿਨਾਮ ਕਰਿ, ਸਤਿਗੁਰ ਨਾਨਕ ਦੇਉ ਜਪਾਇਆ (ਵਾਰ ੨੪-੧)। ਗੁਰਬਾਣੀ ਵਿਚ ਸਤਿਨਾਮ ਹੋਰ ਵੀ ਕਈ ਰੂਪਾਂ ਵਿਚ ਆਇਆ ਹੈ, ਜਿਵੇਂ = ਸਚੁ ਨਾਮ, ਸਚਾ ਨਾਮ, ਸਾਚ ਨਾਇ, ਸਾਚਾ ਨਾਮ,

ਸਚਾ ਨਾਉ, ਸਚੁ ਨਾਇਆ ਆਦਿ।

ਸਤਿਨਾਮ ਵਾਹਿਗੁਰੂ = ਸਤਿਨਾਮ ਵੀ ਵਾਹਿਗੁਰੂ ਮੰਤ੍ਰ ਵਾਂਗ ਗੁਰਦੁਆਰਿਆਂ ਵਿਚ ਜਪਾਇਆ ਜਾਂਦਾ ਹੈ।ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਹੀ ਸਤਿਨਾਮ ਅਤੇ ਵਾਹਿਗੁਰੂ ਦਾ ਸਿਮਰਨ ਕੀਤਾ ਜਾਂਦਾ ਰਿਹਾ ਹੈ।ਭਾਈ ਗੁਰਦਾਸ ਜੀ ਅਨੁਸਾਰ 'ਵਾਹਿਗੁਰੂ ਗੁਰ ਮੰਤ੍ਰ ਹੈ' (ਵਾਰ ੧੩-੨) ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦੇ ਨਿਜੀ ਅਨੁਭਵ ਤੋਂ ਪ੍ਰਾਪਤ ਹੋਇਆ ਹੈ।ਵਾਹਿਗੁਰੂ ਸ਼ਬਦ ਗੁਰੂ ਸਾਹਿਬਾਨ ਦੀ ਬਾਣੀ ਵਿਚ ਨਹੀਂ ਮਿਲਦਾ, ਹੋ ਸਕਦਾ ਹੈ ਕਿ ਪਰੰਪਰਾ ਅਨੁਸਾਰ ਇਸ ਨੂੰ ਗੁਪਤ ਰਖਿਆ ਗਿਆ ਹੋਵੇ।ਭੱਟਾਂ ਅਤੇ ਭਾਈ ਗੁਰਦਾਸ ਜੀ ਨੇ ਅਪਣੀ ਬਾਣੀ ਵਿਚ ਗੁਰੂ ਜੀ ਦੀ ਆਗਿਆ ਲੈ ਕੇ ਹੀ ਪ੍ਰਗਟ ਕੀਤਾ ਹੈ।ਗੁਰੂ ਸਾਹਿਬਾਨਾਂ ਨੇ ਰੱਬ ਦੀ ਸਿਫਤ ਲਈ 'ਵਾਹੁ' ਅਤੇ 'ਗੁਰ' ਸ਼ਬਦ ਵੱਖ ਵੱਖ ਰੂਪਾਂ ਵਿਚ ਵਰਤੇ ਹਨ = ਵਾਹੁ ਵਾਹੁ ਸਾਚੇ ਮੈ ਤੇਰੀ ਟੇਕ (ਮ. ੧) ੧੫੩।ਸਉਦੇ ਵਾਹੁ ਵਾਹੁ ਉਚਰਹਿ, ਉਠਦੇ ਭੀ ਵਾਹੁ ਕਰੇਨਿ (ਮ. ੪) ੩੧੨।ਨਾਨਕ ਦਾਸ ਕਹਹੁ ਗੁਰ ਵਾਹੁ (ਮ.੫) ੩੭੬।ਵਾਹ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ।ਵਾਹੁ ਵਾਹੁ ਬਾਣੀ ਸਚੁ ਹੈ, ਸਚਿ ਮਿਲਾਵਾ ਹੋਇ (ਗੁਰੂ ਅਮਰਦਾਸ ਜੀ ਨੇ ੫੧੪ ਅਤੇ ੫੧੫ ਅੰਗ ਤੇ 'ਵਾਹੁ ਵਾਹੁ' ਸ਼ਬਦ ਦੀ ਵਰਤੋਂ ਕਾਫੀ ਕੀਤੀ ਹੈ)।ਨਾਨਕ ਵਾਹੁ ਵਾਹੁ ਕਹੁ ਤਾਕਉ ,ਜਾ ਕਾ ਅੰਤੁ ਨ ਪਾਰੁ (ਮ.੫) ੧੨੨੧।ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ, ਵਾਹੁ ਵਾਹੁ ਕਰਿ ਧ੍ਯਾਇਯਉ ੧੪੦੫।ਭੱਟਾਂ ਨੇ ਅਪਣੀ ਬਾਣੀ ਵਿਚ ਵਾਹੁ, ਵਾਹਗੁਰੂ ਅਤੇ ਵਾਹਿਗੁਰੂ ਤਿੰਨਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ ਅਤੇ ਇਹ ਤਿੰਨੇ ਸ਼ਬਦ ਨਿਰੰਕਾਰ ਦੀ ਅਚਰਜ ਅਵਸਥਾ ਨੂੰ ਪ੍ਰਗਟ ਕਰਨ ਵਾਲੇ ਨਾਮ ਹਨ।ਪਰ ਆਮ ਤੌਰ ਤੇ ਪੁਰਾਤਨ ਮਰਿਆਦਾ ਅਨੁਸਾਰ ਪੰਜਾਂ ਪਿਆਰਿਆਂ ਵੱਲੋਂ ਅੰਮ੍ਰਿਤ ਛਕਾਉਣ ਵੇਲੇ 'ਵਾਹਿਗੁਰੂ' ਸ਼ਬਦ ਦਾ ਹੀ ਸਿਮਰਨ ਕਰਨ ਦਾ ਉਪਦੇਸ ਦਿਤਾ ਜਾਂਦਾ ਹੈ ਅਤੇ ਪਰੰਪਰਾ ਇਹੋ ਹੀ ਚਲੀ ਆਉਂਦੀ ਹੈ।

ਅਸੰਖ ਨਾਵ = ਜਿਸ ਕਿਸੇ ਮਹਾਂ ਪੁਰਖ, ਰਿਸ਼ੀ ਮੁਨੀ ਆਦਿ ਨੇ ਪ੍ਰਮਾਤਮਾ ਦਾ ਜੋ ਨਾਮ ਕਲਪਿਆ ਹੈ, ਉਸ ਦਾ ਉਹ ਹੀ ਅਰਥ ਰਹੇ ,ਜੋ ਕਲਪਨਾ ਕਰਨ ਵਾਲੇ ਨੇ ਮੰਨਿਆ ਹੈ, ਇਹ ਠੀਕ ਨਹੀ।ਵਿਦਵਾਨਾਂ ਅਤੇ ਉਪਾਸ਼ਕਾਂ ਦੇ ਮੱਤ ਅਤੇ ਨਿਸਚੇ ਅਨੁਸਾਰ ਅਰਥਾਂ ਵਿਚ ਫਰਕ ਹੋਇਆ ਕਰਦਾ ਹੈ, ਜਿਵੇਂ ਮਨੂ ਨੇ ਨਾਰਾਇਣ ਦਾ ਅਰਥ ਕੀਤਾ ਹੈਃ- ਨਾਰਾ-ਪਾਣੀ ਵਿਚ ਜਿਸ ਦਾ ਦਾ ਨਿਵਾਸ ਹੈ, ਉਹ ਨਾਰਾਇਣ ਹੈ।ਪਰ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ = ਨਾਰਾਇਣ ਸਭ ਮਾਹਿ ਨਿਵਾਸ (੮੬੮)।ਗੁਰਬਾਣੀ ਵਿਚ ਬਹੁਤ ਐਸੇ ਨਾਮ ਆਉਂਦੇ ਹਨ, ਜੋ ਅਨੇਕ ਅਰਥ ਰਖਦੇ ਹਨ, ਜਿਵੇਂ ਗੋਰਖ ਦਾ ਅਰਥ ਇਕ ਵਿਸ਼ੇਸ਼ ਜੋਗੀ = ਗੋਰਖ ਪੂਤੁ ਲੁਹਾਰੀਪਾ ਬੋਲੈ (੯੩੯)।ਵਿਸ਼ਨੂੰ = ਗੁਰ ਈਸਰ ਗੁਰੁ ਗੋਰਖ ਬਰਮਾ ਗੁਰ...(ਜਪੁਜੀ ਸਾਹਿਬ) ਅਤੇ ਪ੍ਰਮੇਸਰ = ਗੋਰਖੁ ਸੋਇ ਜਿਨਿ ਗੋਇ ਉਠਾਲੀ (੮੭੭)।ਇਸੇ ਤਰ੍ਹਾਂ ਰਾਮ ਦਾ ਅਰਥ ਰਾਜਾ ਦਸਰਥ ਦਾ ਪੁਤ੍ਰ = ਰਾਮੁ ਗਇਓ ਰਾਵਨੁ ਗਇਓ...(੧੪੨੮), ਅਤੇ ਸਰਬ ਵਿਆਪੀ ਪ੍ਰਮਾਤਮਾ = ਰਮਤ ਰਾਮੁ ਸਭ ਰਹਿਓ ਸਮਾਇ (੮੬੫)।ਇਸ ਤਰ੍ਹਾਂ ਇਕ ਲਫਜ਼ ਦੇ ਬਹੁਤੇ ਅਰਥ ਕੇਵਲ ਗੁਰਬਾਣੀ ਵਿਚ ਹੀ ਨਹੀਂ ,ਹਰੇਕ ਬੋਲੀ ਦੇ ਗ੍ਰੰਥਾਂ ਵਿਚ ਵੀ ਅਸੀਂ ਦੇਖ ਸਕਦੇ ਹਾਂ, ਜਿਵੇਂ ਸੰਸਕ੍ਰਿਤ ਵਿਚ ਅਸੁਰ ਦਾ ਅਰਥ ਰਾਖਸ਼ ਅਤੇ ਸੂਰਜ।ਸ਼ਿਵਾ ਦਾ ਅਰਥ ਦੇਵੀ, ਹਰੀ ਦੁੱਬ (ਘਾਹ), ਦੁਰਗਾ, ਮੁਕਤੀ, ਹਰੜ, ਗਿਦੜੀ ਅਤੇ (ਅਕਾਲ ਪੁਰਖ ਦੀ) ਪਰਮ ਸ਼ਕਤੀ = ਦੇਹ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨ ਟਰੋਂ (ਪਾ. ੧੦)।ਕਦੇ ਕਦੇ ਆਮ ਲੋਕਾਂ ਦੇ ਮੂੰਹ ਤੇ ਚੜ੍ਹੇ ਹੋਏ ਨਾਮ ਅਪਣੇ ਇਸਟ ਦੇਵਤਾ, ਗੁਰੂ ਜਾਂ ਰੱਬ ਲਈ ਵਰਤ ਲਏ ਜਾਂਦੇ ਹਨ, ਜਿਵੇਂ ਰਾਮ, ਗੋਪਾਲ ਅਤੇ ਰਘੁਨਾਥ ਆਦਿ ਸ਼ਬਦ ਪ੍ਰਮਾਤਮਾ ਪ੍ਰਤੀ ਵਰਤੇ ਹੋਏ ਹਨ = ਪ੍ਰਹਿਲਾਦ ਕਾ ਰਾਖਾ ਹੋਆ ਰਘੁਰਾਇਆ (੧੧੩੩), ਕਹਿ ਨਾਮਦੇਉ ਹਮ ਨਰਹਿਰ ਧਿਆਵਹਿ, ਰਾਮੁ ਅਭੈ ਪਦ ਦਾਤਾ (੧੧੬੫), ਨਾਮਾ ਗਾਵੈ ਗੁਨ ਗੋਪਾਲ (੧੧੬੬), ਇਨ੍ਹਾਂ ਤੁਕਾਂ ਵਿਚ 'ਨਰਹਰਿ', 'ਰਾਮੁ' ਅਤੇ 'ਗੁਪਾਲ' ਕਰਤਾਰ ਲਈ ਵਰਤੇ ਹੋਏ ਹਨ।ਜੇ ਇਹ ਨਾਮ, ਰਾਮ ਅਤੇ ਕ੍ਰਿਸਨ ਜੀ ਦੇ ਮੰਨੇ ਜਾਣ ਤਾਂ ਇਤਹਾਸ ਦੂਸ਼ਤ ਹੋ ਜਾਂਦਾ ਹੈ, ਕਿਉਂਕਿ ਪ੍ਰਹਿਲਾਦ ਦੇ ਸਮੇਂ ਰਾਮ ਚੰਦਰ ਅਤੇ ਕ੍ਰਿਸ਼ਨ ਜੀ ਨਹੀ ਸਨ ਜਨਮੇ (ਪ੍ਰਹਿਲਾਦ ਸਤਿਜੁਗ ਵਿਚ ਹੋਇਆ ਹੈ, ਰਾਮ ਚੰਦਰ ਜੀ ਤ੍ਰੇਤੇ ਜੁਗ ਵਿਚ ਅਤੇ ਕ੍ਰਿਸ਼ਨ ਜੀ ਦੁਆਪਰ ਵਿਚ ਹੋਏ ਹਨ)।ਗੁਰਮਤ ਪ੍ਰਭਾਕਰ (ਭਾਈ ਕਾਨ੍ਹ ਸਿੰਘ ਨਾਭਾ) ਵਿਚੋਂ ਕੁਝ ਅੰਸ਼।

ਪ੍ਰਮਾਤਮਾ ਰੂਪ ਅਤੇ ਨਾਮ ਤੋਂ ਰਹਿਤ ਹੈ, ਫਿਰ ਵੀ ਉਸ ਨੂੰ ਯਾਦ ਕਰਨ ਲਈ ਲੋਕਾਂ ਨੇ ਅਪਣੀ ਅਪਣੀ ਬੋਲੀ ਵਿਚ ਪ੍ਰਮਾਤਮਾ ਦੇ ਨਾਮ ਰੱਖੇ ਹੋਏ ਹਨ।ਇਹ ਸਾਰੇ ਉਸ ਦੇ ਗੁਣਾਂ ਅਤੇ ਸਿਫਤਾਂ ਨਾਲ ਸਬੰਧਤ ਨਾਮ ਹਨ, ਮਾਨਵ ਜਾਤੀ ਲਈ ਪ੍ਰਮਾਤਮਾ ਗੁਣਾਂ ਤੇ ਸਿਫਤਾਂ ਵਿਚ ਹੈ।ਇਸੇ ਕਰਕੇ ਗੁਰਬਾਣੀ ਵਿਚ ਉਸ ਨੂੰ ਗੁਣੀ ਨਿਧਾਨ ਆਖ ਕੇ ਸਲਾਹਿਆ ਹੈ।ਪ੍ਰਮਾਤਮਾ ਦੇ ਗੁਣ ਅਤੇ ਸਿਫਤਾਂ ਵਰਨਣ ਕਰਨ ਵਾਲੇ ਅਣਗਿਣਤ ਨਾਮ, ਸਥਾਨ ਅਤੇ ਅਕਾਰ ਹਨ।ਪ੍ਰਮਾਤਮਾ ਦੇ ਨਾਵਾਂ, ਗੁਣਾਂ ਅਤੇ ਸਿਫਤਾਂ ਦਾ ਕੋਈ ਅੰਤ ਨਹੀਂ, ਨਾ ਹੀ ਇਨ੍ਹਾਂ ਦਾ ਪੂਰੀ ਤਰ੍ਹਾਂ ਵਰਨਣ ਹੋ ਸਕਦਾ ਹੈ {ਅੰਤੁ ਨ ਸਿਫਤੀ ਕਹਣਿ ਨ ਅੰਤੁ ; ਅਮੁਲ ਗੁਣ ਅਮੁਲ ਵਾਪਾਰ (ਜਪੁ ਜੀ)} ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮਾਤਮਾ ਦੇ ਗੁਣਾਂ, ਨਾਵਾਂ ਅਤੇ ਸਿਫਤਾਂ ਦਾ ਵਖਿਆਨ ਹੈ ਅਤੇ ਵੱਖ ਵੱਖ ਧਰਮਾਂ ਅਤੇ ਫਿਰਕਿਆਂ ਵਿਚ ਵਰਤੇ ਜਾਂਦੇ ਰੱਬ ਦੇ ਨਾਵਾਂ ਦਾ ਪ੍ਰਯੋਗ ਸਦਭਾਵਨਾ ਨਾਲ ਕੀਤਾ ਹੈ।ਇਨ੍ਹਾਂ ਸਾਰੇ ਨਾਵਾਂ ਨੂੰ ਗੁਰਬਾਣੀ ਵਿਚ ਕਿਰਤਮ ਜਾਂ ਕਰਮ

ਨਾਮ ਕਰਕੇ ਬਿਆਨ ਕੀਤਾ ਹੈ ਅਤੇ ਪ੍ਰਮਾਤਮਾ ਦੀ ਸਦੀਵੀ ਹੋਂਦ ਦਾ ਵਾਚਕ ਸ਼ਬਦ 'ਸਤਿ' ਹੈ ਜਿਸ ਨੂੰ ਪਰਾ ਪੂਰਬਲਾ ਬਿਆਨ ਕੀਤਾ ਹੈ।

ਗੁਰਬਾਣੀ ਅਨੁਸਾਰ ਪ੍ਰਮਾਤਮਾ ਦੇ ਨਾਮ ਅਨੇਕ ਹਨ = ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ (੩੫੮)। ਤੇਰੇ ਨਾਮ ਅਨੇਕ, ਕੀਮਤ ਨਹੀ ਪਾਈ (ਮ. ੩, ੧੦੬੭)। ਅਨੇਕ ਅਸੰਖ ਨਾਮ ਹਰਿ ਤੇਰੇ, ਨ ਜਾਹੀ ਜਿਹਵਾ ਇਤੁ ਗਨਣੇ (ਮ.੪, ੧੧੩੫)। ਡਾ. ਜਗਜੀਤ ਸਿੰਘ ਸਲੂਜਾ ਜੀ ਦੀ ਕ੍ਰਿਤ ਮੂਲ ਮੰਤ੍ਰ ਸੰਕਲਪ ਅਤੇ ਵਿਵੇਚਨ ਵਿਚੋਂ ਕੁਝ ਅੰਸ਼।

ਸਾਰੀ ਗੁਰਬਾਣੀ ਵਿਚ ਸੱਚ ਅਤੇ ਨਾਮ ਦਾ ਹੀ ਵਖਿਆਨ ਹੈ, ਅਕਾਲ ਪੁਰਖ ਤੋਂ ਗੁਰੂ ਸਾਹਿਬ ਅਤੇ ਭਗਤ ਥਾਂ ਥਾਂ ਸੱਚ ਅਤੇ ਨਾਮ ਦੀ ਜਾਚਨਾ ਕਰਦੇ ਹਨ। ਸਾਰੇ ਰੋਗਾਂ ਦੀ ਦਾਰੂ ਕੇਵਲ ਨਾਮ ਹੈ, ਨਾਮ ਹੀ ਸਾਰੇ ਦੁਖਾਂ, ਕਲੇਸ਼ਾਂ, ਜਮਾਂ ਦੇ ਡਰ, ਜਨਮ ਮਰਨ ਤੋਂ ਬਚਾਉਣ ਵਾਲਾ ਹੈ। ਨਾਮ ਪਰਾਣਾਂ ਦਾ ਆਸਰਾ ਹੈ, ਮੁਕਤੀ ਦਾਤਾ ਹੈ ਅਤੇ ਸਦੀਵੀ ਸੁੱਖ ਦੇਣ ਵਾਲਾ ਹੈ। ਨਾਮ ਤੋਂ ਬਾਂਝਾ ਮਨੁੱਖ ਪਸ਼ੂ ਨਿਆਂਈ, ਸਾਕਤ ਅਤੇ ਰਸ ਹੀਣ ਹੈ। ਨਾਮ ਦੀ ਮੁਕੰਮਲ ਮਹਿਮਾਂ ਬਿਆਨ ਕਰਨੀ ਅਸੰਭਵ ਹੈ, ਨਾਮ ਦੀ ਮਹਿਮਾਂ ਮੁਕਦੀ ਨਹੀ।

ਪਉੜੀ। ਨਾਮੁ ਨਿਰੰਜਨ ਅਲਖੁ ਹੈ, ਕਿਉ ਲਖਿਆ ਜਾਈ। ਨਾਮੁ ਨਿਰੰਜਨ ਨਾਲਿ ਹੈ, ਕਿਉ ਪਾਈਐ ਭਾਈ।
ਨਾਮੁ ਨਿਰੰਜਨੁ ਵਰਤਦਾ, ਰਵਿਆ ਸਭ ਠਾਂਈ। ਗੁਰ ਪੂਰੇ ਤੇ ਪਾਈਐ, ਹਿਰਦੈ ਦੇਇ ਦਿਖਾਈ।
ਨਾਨਕ ਨਦਰੀ ਕਰਮੁ ਹੋਇ, ਗੁਰ ਮਿਲੀਐ ਭਾਈ। (ਸਾਰੰਗ ਦੀ ਵਾਰ, ਅੰਗ ੧੨੪੨)।

**ਕਰਤਾ** = ਕਰਤਾ ਦੇ ਅਰਥ ਹਨ = ਕਰਣ ਵਾਲਾ (ਕਰਤਾਰ), ਦਿਸਦੀ ਅਣਦਿਸਦੀ ਸਾਰੀ ਰਚਨਾ ਨੂੰ ਪੈਦਾ ਕਰਨ ਵਾਲਾ ਚੇਤਨ ਸਰੂਪ ਪ੍ਰਮਾਤਮਾ। ਕਰਤਾਰ ਪਦ ਵੀ ਕਰਤੇ ਦਾ ਹੀ ਰੂਪ ਹੈ {ਜਾ ਤੂੰ ਕਰਣਹਾਰੁ ਕਰਤਾਰੁ ੩੪੯ ; ਕਰਤਾ ਤੂੰ ਸਭਨਾ ਕਾ ਸੋਈ ੩੬੦}। ਸੰਸਾਰ ਦੀ ਰਚਨਾ ਕਰਨ ਕਰਕੇ ਨਿਰੰਕਾਰ ਦਾ ਨਾਮ 'ਕਰਤਾ' ਪਿਆ ਹੈ, ਸਭ ਕੁਝ ਉਸ ਤੋਂ ਪੈਦਾ ਹੁੰਦਾ ਹੈ, ਪੈਦਾ ਕਰਕੇ ਸਭ ਦੀ ਰਖਿਆ ਕਰਦਾ ਹੈ। ਪੈਦਾ ਕੀਤੇ ਜੀਵਾਂ ਲਈ ਅਨੇਕ ਪ੍ਰਕਾਰ ਦੇ ਖਾਣ ਪੀਣ ਦੇ ਪਦਾਰਥ ਉਤਪੰਨ ਕਰਦਾ ਹੈ ਅਤੇ ਅੰਤ ਸਾਰੇ ਜਗਤ ਜਾਲ ਨੂੰ ਅਪਣੇ ਵਿਚ ਹੀ ਸਮਾ ਲੈਂਦਾ ਹੈ। ਫਿਰ ਪੈਦਾ ਕੀਤੇ ਜੀਵਾਂ ਨੂੰ ਸ਼ੁੱਭ ਅਸ਼ੁੱਭ ਕਰਮਾਂ ਦਾ ਫਲ ਦਿੰਦਾ ਹੈ {ਨਮੋ ਸਰਬ ਸੋਖੰ। ਨਮੋ ਸਰਬ ਪੋਖੰ। ਨਮੋ ਸਰਬ ਕਰਤਾ। ਨਮੋ ਸਰਬ ਹਰਤਾ। (ਜਾਪ ਸਾਹਿਬ ਪਾ. ੧੦)}। ਕਰਤਾਰ ਹਰੇਕ ਕਾਰਜ ਵਿਚ ਸੁਤੰਤਰ ਹੋ ਕੇ ਅਪਨੀ ਇੱਛਾ ਅਨੁਸਾਰ ਕਾਰਜ ਕਰਦਾ ਹੈ। ਸੁਤੰਤਰ ਹੋ ਕੇ ਕੰਮ ਕਰਨ ਵਾਲਾ ਕੋਈ ਚਕ੍ਰਵਰਤੀ ਬਾਦਸ਼ਾਹ ਵੀ ਹੋ ਸਕਦਾ ਹੈ, ਪਰ ਫਿਰ ਵੀ ਐਸੇ ਬਾਦਸ਼ਾਹਾਂ ਨੇ ਅਪਣਾ ਕੰਮ ਕਾਜ ਚਲਾਉਣ ਲਈ ਕਈ ਸਲਾਹਕਾਰ ਰੱਖੇ ਹੁੰਦੇ ਹਨ। ਇਸ ਕਰਕੇ ਇਨ੍ਹਾਂ ਬਾਦਸ਼ਾਹਾਂ ਨੂੰ ਸੁਤੰਤਰ ਕਰਤਾ ਨਹੀ ਕਿਹਾ ਜਾ ਸਕਦਾ। ਸੁਤੰਤਰ ਕਰਤਾ ਕੇਵਲ ਅਕਾਲ ਪੁਰਖ ਹੀ ਹੈ {ਬੀਓ ਪੂਛਿ ਨ ਮਸਲਤਿ ਧਰੈ। ਜੋ ਕਿਛੁ ਕਰੈ ਸੁ ਆਪਹਿ ਕਰੈ (ਮ. ੫) ੮੬੩}। ਉਸ ਦੀ ਪੈਦਾ ਕੀਤੀ ਰਚਨਾ ਦਾ ਕੋਈ ਹਿਸਾਬ ਨਹੀ {ਕਰਤੇ ਕੈ ਕਰਣੈ ਨਾਹੀ ਸੁਮਾਰੁ (ਜਪੁ)}।

ਘੁਮਿਆਰ, ਮਿਸਤ੍ਰੀ ਅਤੇ ਅਤੇ ਵੱਡੇ ਵੱਡੇ ਇਜਿਨੀਅਰ ਵੀ ਇਕ ਤਰ੍ਹਾਂ ਦੇ ਕਰਤਾ ਹਨ। ਪਰ ਇਨ੍ਹਾਂ ਨੂੰ ਭਾਂਡੇ ਜਾਂ ਕੋਈ ਚੀਜ ਬਣਾਉਣ ਲਈ ਮਿੱਟੀ ਜਾਂ ਕਿਸੇ ਹੋਰ ਵਸਤੂ ਦੀ ਲੋੜ ਪੈਂਦੀ ਹੈ। ਦੂਜੇ ਕਰਤਾ ਉਹ ਹਨ ਜੋ ਅਪਣੇ ਵਿਚੋਂ ਹੀ ਕਿਸੇ ਚੀਜ ਨੂੰ ਬਣਾ ਦੇਣ ,ਜਿਵੇਂ ਮੱਕੜੀ ਅਪਣੇ ਵਿਚੋਂ ਹੀ ਜਾਲ ਬਣਾ ਦਿੰਦੀ ਹੈ। ਪਰ ਨਿਰੰਕਾਰ ਤਾਂ ਅਪਣੇ ਹੁਕਮ ਦੀ ਸੱਤਾ ਜਾਂ ਇਕ ਵਾਕ ਕਰਨ ਨਾਲ ਹੀ ਦਿਸਦਾ ਤੇ ਅਣਦਿਸਦਾ ਸੰਸਾਰ ਰਚ ਦਿੰਦਾ ਹੈ {ਕੀਤਾ ਪਸਾਉ ਏਕੋ ਕਵਾਉ ; ਹੁਕਮੀ ਹੋਵਨਿ ਆਕਾਰ (ਜਪੁ)}। ਕਰਤਾ ਫਿਰ ਅਗੇ ਦੋ ਤਰ੍ਹਾਂ ਦੇ ਹਨ, ਇਕ ਤਾਂ ਉਹ ਹਨ, ਜਿਨ੍ਹਾਂ ਦਾ ਬਾਦ ਵਿਚ ਅਪਨੀ ਬਣਾਈ ਕ੍ਰਿਤ ਨਾਲ ਕੋਈ ਸਿੱਧਾ ਸਬੰਧ ਨਹੀਂ ਰਹਿੰਦਾ, ਜਿਵੇਂ ਰਾਜ ਮਿਸਤਰੀ ਕਿਸੇ ਦਾ ਘਰ ਬਣਾ ਕੇ ਉਸ ਘਰ ਨਾਲ ਸਬੰਧ ਨਹੀ ਰਖਦਾ। ਦੂਜੇ ਮੱਕੜੀ ਅਪਣਾ ਜਾਲ ਬਣਾ ਕੇ ਉਸ ਵਿਚ ਰਹਿੰਦੀ ਹੈ। ਕਰਤਾ ਪੁਰਖ ਅਪਣੀ ਰਚਨਾ ਰਚ ਕੇ ਇਸ ਵਿਚ ਵਿਆਪਕ ਰਹਿੰਦਾ ਹੈ {ਇਹੁ ਜਗੁ ਸਚੇ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ (ਮ. ੨) ੪੬੩}। ਗੋਂਡ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੇ ਸਬਦ ਵਿਚੋਂ ਕਰਤਾ ਦੇ ਭਾਵ ਪ੍ਰਤੱਖ ਪ੍ਰਗਟ ਹੋ ਰਹੇ ਹਨ =

ਸਭੁ ਕਰਤਾ ਸਭੁ ਭੁਗਤਾ। ੧। ਰਹਾਉ। ਸੁਨਤੋ ਕਰਤਾ ਪੇਖਤ ਕਰਤਾ। ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ।
ਓਪਤਿ ਕਰਤਾ ਪਰਲਉ ਕਰਤਾ। ਬਿਆਪਤ ਕਰਤਾ ਅਲਿਪਤੋ ਕਰਤਾ। ੧। ਬਕਤੋ ਕਰਤਾ ਬੂਝਤ ਕਰਤਾ।
ਆਵਤੁ ਕਰਤਾ ਜਾਤੁ ਭੀ ਕਰਤਾ। ਨਿਰਗੁਨ ਕਰਤਾ ਸਰਗੁਨ ਕਰਤਾ। ਗੁਰ ਪ੍ਰਸਾਦਿ ਨਾਨਕ ਸਮ ਦ੍ਰਿਸਟਾ (੮੬੨)।

ਜਿਸ ਤਰ੍ਹਾਂ ਸਰੀਰ ਦੇ ਵਾਲ ਅਤੇ ਨਹੁੰ ਆਦਿ ਅਪਣੇ ਆਪ ਵਧਦੇ ਰਹਿੰਦੇ ਹਨ, ਇਸੇ ਤਰ੍ਹਾਂ ਹਰੀ ਤੋਂ ਪੈਦਾ ਹੋ ਕੇ ਸਾਰੇ ਜਗਤ ਦਾ ਵਿਸਥਾਰ ਹੁੰਦਾ ਰਹਿੰਦਾ ਹੈ। ਜਿਸ ਤਰ੍ਹਾਂ ਜਲ ਰਹੀ ਅੱਗ ਵਿਚੋਂ ਅਨੇਕਾਂ ਚੰਗਿਆੜੀਆਂ ਪ੍ਰਗਟ ਹੁੰਦੀਆਂ ਹਨ ਅਤੇ ਮਿਟੀ ਵਿਚੋਂ ਧੂੜ ਦੇ ਕਿਣਕੇ ਪੈਦਾ ਹੋ ਕੇ ਉਡਦੇ ਹਨ ਅਤੇ ਅੰਤ ਮਿਟੀ ਵਿਚ ਹੀ ਮਿਲ ਜਾਂਦੇ ਹਨ, ਇਸੇ ਤਰ੍ਹਾਂ ਹਰੀ ਵਿਚੋਂ ਅਨੇਕਾਂ ਰੰਗਾਂ ਰੂਪਾਂ ਦੀ ਦੁਨੀਆਂ ਪੈਦਾ ਹੋ ਕੇ ਅੰਤ ਨੂੰ ਹਰੀ ਵਿਚ ਹੀ ਮਿਲ ਜਾਂਦੀ ਹੈ। ਦਸਮੇਸ਼ ਪਾਤਸ਼ਾਹ ਦਾ ਸੁੰਦਰ ਵਾਕ ਹੈ ਃ-

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੇ, ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ, ਧੂਰਿ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ।
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ, ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪਰਗਟ ਹੋਇ, ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ।(ਅ. ਉ. ਪਾ. ੧੦)।

ਕਰਤਾਰ ਨੂੰ ਜਾਨਣ ਦੀ ਇੱਛਾ ਆਦਿ ਕਾਲ ਤੋਂ ਹੀ ਚਲੀ ਆ ਰਹੀ ਹੈ।ਸ੍ਰਿਸਟੀ ਦੇ ਕਰਤਾ ਨੂੰ ਜਾਨਣ ਲਈ ਕਬੰਧ ਰਿਸ਼ੀ, ਪਿਪਲਾਦ ਰਿਸ਼ੀ ਦੀ ਸ਼ਰਣ ਵਿਚ ਆਇਆ ਅਤੇ ਇਕ ਸਾਲ ਘੋਰ ਤਪ ਕਰਨ ਤੋਂ ਬਾਦ ਪ੍ਰਸ਼ਨ ਕੀਤਾ ਕਿ ਇਹ ਦ੍ਰਿਸ਼ਟ ਅਤੇ ਅਦ੍ਰਿਸਟ ਜਗਤ ਜਿਸ ਤੋਂ ਪੈਦਾ ਹੁੰਦਾ ਹੈ, ਉਹ ਮੂਲ ਕਾਰਣ ਕੌਣ ਹੈ? ਪਿਪਲਾਦ ਮੁਨੀ ਨੇ ਉਤ੍ਰ ਦਿਤਾ ਕਿ ਦੇਵ, ਦੈਂਤ, ਮਾਨਵ ਜਾਤੀ, ਸਮੁੰਦਰ ,ਪਹਾੜ ਨਦੀਆਂ, ਬਨੱਸਪਤੀ ਅਤੇ ਹੋਰ ਜੀਵ ਜੰਤ ਆਦਿ ਕਰਤਾ ਪੁਰਖ ਦੇ ਇਕ ਵਾਕ ਤੋਂ ਹੀ ਪੈਦਾ ਹੋ ਜਾਂਦੇ ਹਨ।ਕਰਤਾਰ ਨੇ ਜਗਤ ਰਚਨਾ ਦਾ ਦਿਨ ਅਤੇ ਸਮਾਂ ਕਿਸੇ ਨੂੰ ਨਹੀ ਦਸਿਆ ਅਤੇ ਨਾ ਹੀ ਕੋਈ ਜਗਤ ਰਚਨਾ ਦੇ ਦਿਨ ਸੰਮਤ ਆਦਿ ਦਾ ਥਹੁ ਪਤਾ ਦਸਣ ਲਈ ਕੋਈ ਸਿਲਾਲੇਖ ਲਗਾਇਆ।ਪਰ ਰਚਨਾ ਦੇ ਸਮੇਂ ਨੂੰ ਜਾਨਣ ਲਈ ਬੁਧੀਮਾਨ ਲੋਕ ਕਿਆਸ ਅਰਾਈਆਂ ਹੀ ਲਾਉਂਦੇ ਰਹਿੰਦੇ ਹਨ, ਅਸਲ ਪਤਾ ਕਿਸੇ ਨੂੰ ਨਹੀ।ਗੁਰੂ ਨਾਨਕ ਦੇਵ ਜੀ ਦਾ ਵਾਕ ਹੈ =

ਥਿਤਿ ਵਾਰੁ ਨ ਜੋਗੀ ਜਾਣੈ, ਰੁਤਿ ਮਾਹੁ ਨ ਕੋਈ।ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ (ਜਪੁ ਜੀ)।
ਤੁਮਰਾ ਲਖਾ ਨ ਜਾਇ ਪਸਾਰਾ।ਕਿਹ ਬਿਧਿ ਸਜਾ ਪ੍ਰਥਮ ਸੰਸਾਰਾ (ਚੌਪਈ ਪਾ. ੧੦)।

ਜਿਸ ਤਰ੍ਹਾਂ ਕਿਸੇ ਸਿਆਣੇ ਚਿਤ੍ਰਕਾਰ ਦੇ ਬਣਾਏ ਚਿਤ੍ਰ ਤੋਂ ਕਲਾਕਾਰ ਦੀ ਕਲਾ ਟਪਕਦੀ ਹੈ, ਜਿਸ ਨੂੰ ਦੇਖ ਕੇ ਸੁਹਿਰਦ ਮਨੁੱਖ ਚਿਤ੍ਰਕਾਰ ਦੀ ਕਲਾ ਤੇ ਮੁਗਧ ਹੋ ਕੇ ਸ਼ਲਾਘਾ ਦੇ ਸ਼ਬਦ ਕਹੇ ਬਿਨਾ ਨਹੀਂ ਰਹਿ ਸਕਦਾ।ਇਸੇ ਤਰ੍ਹਾਂ ਕਰਤਾਰ ਦੀ ਅਲੌਕਿਕ ਰਚਨਾ ਵਿਚ ਜੋ ਸੁੰਦਰਤਾ, ਵਿਚਿਤ੍ਰਤਾ, ਕੋਮਲਤਾ, ਪੂਰਨਤਾ, ਮਨਮੋਹਨਤਾ, ਭਾਵਕਤਾ, ਭਰੀ ਹੈ, ਜਿਸ ਨੂੰ ਦੇਖ ਕੇ ਕਰਤਾਰ ਦੇ ਪ੍ਰੇਮੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ = ਬਲਿਹਾਰੀ ਕੁਦਰਤ ਵਸਿਆ, ਤੇਰਾ ਅੰਤੁ ਨ ਜਾਈ ਲਖਿਆ (੪੬੯)।ਰਚਿ ਰਚਨਾ ਅਪਨੀ ਕਲ ਧਾਰੀ।ਅਨਿਕ ਬਾਰ ਨਾਨਕ ਬਲਿਹਾਰੀ (੨੮੮)।ਜਗਤ ਰਚਨਾ ਰਚ ਕੇ ਅਕਾਲ ਪੁਰਖ ਕਿਤੇ ਬਾਹਰ ਨਹੀ, ਅਪਣੀ ਰਚਨਾ ਵਿਚ ਓਤ ਪੋਤ ਹੋ ਰਿਹਾ ਹੈ।ਪਰ ਹਜਾਰਾਂ ਸਾਲ ਦੀ ਕਠਨ ਸਾਧਨਾ ਕਰਨ ਤੇ ਵੀ ਅੱਖਾਂ ਨੂੰ ਦਿਖਾਈ ਨਹੀਂ ਦਿੰਦਾ, ਕਿਉਂਕਿ ਅੱਖਾਂ ਦੀ ਬਾਹਰ ਦੇ ਪਦਾਰਥਾਂ ਵਲ ਖਿੱਚ ਹੈ, ਕਰਤਾਰ ਤਾਂ ਸਾਡੇ ਅੰਦਰ ਹੈ, ਅੱਖਾਂ ਅੰਦਰ ਵਲ ਨੂੰ ਨਹੀ ਦੇਖਦੀਆਂ।

ਦੂਜੇ ਧਰਮ ਰਚਨਾ ਵਾਰੇ ਕੀ ਕਹਿੰਦੇ ਹਨ = ਯਹੂਦੀ ਮੱਤ ਸੰਸਾਰ ਦਾ ਬਹੁਤ ਪੁਰਾਣਾ ਮੱਤ ਹੈ, ਜੇਹੋਵਾਹ ਯਹੂਦੀਆਂ ਦਾ ਖੁਦਾ ਹੈ, ਜਿਸ ਨੇ ਬਿਨਾ ਕਿਸੇ ਦੀ ਸਹਾਇਤਾ ਦੇ ਸੰਸਾਰ ਦੀ ਰਚਨਾ ਕੀਤੀ।ਯਹੂਦੀਆਂ ਦੇ ਗ੍ਰੰਥ ਤੌਰੇਤ ਵਿਚ ਸੰਸਾਰ ਰਚਨਾ ਬਾਰੇ ਕਾਫੀ ਵਿਸਥਾਰ ਨਾਲ ਲਿਖਿਆ ਹੈ ਅਤੇ ਰਚਨਾ ਦੀ ਮਿਤੀ ਵੀ ਮਿਥੀ ਹੋਈ ਹੈ।ਤੌਰੇਤ ਅਨੁਸਾਰ ਰਚਨਾ ਜੇਹੋਵਾਹ (ਰੱਬ) ਦੀ ਇੱਛਾ ਨਾਲ 'ਸਬਦ' ਰਾਹੀ ਹੋਈ ।ਯਹੂਦੀਆਂ ਦਾ ਪੈਗੰਬਰ ਮੂਸਾ ਹੈ, ਜੋ ਈਸਾ ਤੋਂ ੧੨੦੦ ਸਾਲ ਪਹਿਲਾਂ ਹੋਇਆ ਹੈ।

ਇਸਾਈ ਮੱਤ = ਇਸ ਧਰਮ ਦਾ ਆਧਾਰ ਯਹੂਦੀ ਮੱਤ ਹੀ ਹੈ, ਪਿਤਾ ਪ੍ਰਮਾਤਮਾ ਜਗਤ ਰਚਨਾ ਕਰਦਾ ਹੈ ਅਤੇ ਅਪਣੇ ਪੁਤ੍ਰ ਈਸਾ ਰਾਹੀਂ ਜਗਤ ਦਾ ਉਧਾਰ ਕਰਦਾ ਹੈ।ਰੱਬ ਕਰਤਾ, ਪਾਲਣਾ ਕਰਨ ਵਾਲਾ, ਸਮਰੱਥ ਅਤੇ ਸਰਬ ਵਿਆਪਕ ਹੈ, ਸੇਂਟ ਜੌਹਨ ਅਨੁਸਾਰ ਅਰੰਭ ਵਿਚ ਸ਼ਬਦ ਸੀ, ਸ਼ਬਦ ਰੱਬ ਦੇ ਅੰਦਰ ਸੀ, ਸ਼ਬਦ ਹੀ ਰੱਬ ਹੈ ਅਤੇ ਸਾਰੀ ਜਗਤ ਰਚਨਾ ਸ਼ਬਦ ਰਾਹੀ ਹੋਈ।ਰਚਨਾ ਸਦੀਵੀ ਨਹੀ, ਇਸ ਦਾ ਆਦਿ ਅੰਤ ਹੈ, ਬਾਈਬਲ ਅਨੁਸਾਰ ਰਚਨਾ ਮੰਤਵ ਹੀਣ ਨਹੀਂ, ਸਗੋਂ ਪੂਰਨਤਾ ਵੱਲ ਵਿਕਾਸ ਕਰ ਰਹੀ ਹੈ।

ਇਸਲਾਮ = ਇਸ ਮੱਤ ਦੇ ਪਵਿਤ੍ਰ ਗ੍ਰੰਥ ਕੁਰਾਨ ਅਨੁਸਾਰ ਰੱਬ ਜਗਤ ਦਾ ਕਰਤਾ ਹੈ ਅਤੇ ਇਸ ਨੂੰ ਅਪਣੇ ਹੁਕਮ ਅਨੁਸਾਰ ਚਲਾਉਂਦਾ ਹੈ।ਰੱਬ ਰਖਿਅਕ (ਹਾਫਿਜ਼), ਪਾਲਣਹਾਰ, ਜਾਲਮ (ਅਲਜਾਬਰ), ਕਰਤਾ, ਭਰਤਾ, ਹਰਤਾ, ਮਾਲਕ ਸ਼ਭ ਕੁਛ ਹੈ। ਇਸਾਈ ਮੱਤ ਵਾਂਙ ਕੁਰਾਨ ਵਿਚ ਵੀ ਲਿਖਿਆ ਹੈ ਕਿ ਜਮੀਨ ਅਸਮਾਨ ਅਤੇ ਇਸ ਦੇ ਵਿਚਲੀ ਸਾਰੀ ਹੋਂਦ ਨੂੰ ਰੱਬ ਨੇ ਛੇ ਦਿਨਾਂ ਵਿਚ ਮੁਕੰਮਲ ਕੀਤਾ।

ਵੇਦ ਸੰਕਲਪ = ਵੇਦਾਂ ਨੂੰ ਲਿਖਣ ਵਾਲੇ ਰਿਸ਼ੀਆਂ ਨੇ ਕੁਦਰਤ ਦੇ ਨਜਾਰਿਆਂ ਅਤੇ ਸ਼ਕਤੀਆਂ ਨੂੰ ਦੈਵੀ ਸ਼ਕਤੀ ਨਾਲ ਸਬੰਧਤ ਕੀਤਾ ਹੈ, ਜਿਸ ਤੋਂ ਬਹੁਦੇਵ ਵਾਦ ਹੋਂਦ ਵਿਚ ਆਇਆ।ਵੇਦਾਂ ਵਿਚ ਪ੍ਰਮਾਤਮਾ ਤੋਂ ਜਗਤਾ ਰਚਨਾ ਦਾ ਕੋਈ ਹਵਾਲਾ ਨਹੀਂ ਮਿਲਦਾ।ਵੇਦਾਂ ਵਿਚ ਰਚਨਾ ਦੇ ਕਈ ਸਰੋਤਾਂ ਦਾ ਜਿਕਰ ਮਿਲਦਾ ਹੈ, ਜਿਨ੍ਹਾਂ ਵਿਚੋਂ ਵਿਸ਼ੇਸ਼ ਹਨ = ਦੇਵਤੇ, ਰਿਚ, ਪਾਣੀ, ਪ੍ਰਜਾਪਤੀ, ਹਿਰਣ ਗਰਭ, ਅਣਹੋਂਦ, ਇੱਛਾ, ਪੁਰਸ਼, ਬਲੀ, ਯਗ ਆਦਿ।ਰਚਨਾ ਕਰਨ ਅਤੇ ਵੱਖ ਵੱਖ ਸ਼ਕਤੀਆਂ ਨੂੰ ਵਸ ਰਖਣ ਵਾਲੇ ਵਿਸ਼ੇਸ਼ ਦੇਵਤਿਆਂ ਵਿਚੋਂ ਵਰਣ, ਇੰਦ੍ਰ ,ਅਗਨੀ, ਵਿਸ਼ਵਕਰਮਾ ਅਤੇ ਸੋਮ ਪ੍ਰਮੁੱਖ ਹਨ।ਰਿਗ ਵੇਦ ਅਨੁਸਾਰ ਮੂਲ ਪਦਾਰਥ ਪਾਣੀ ਹੈ, ਜਿਸ ਤੋਂ ਸਾਰੀ ਰਚਨਾ ਹੋਈ।ਰਿਗ ਵੇਦ ਅਨੁਸਾਰ ਹੀ ਪ੍ਰਜਾਪਤੀ ਸਰਬ ਸ਼ਕਤੀਮਾਨ ਹੈ, ਪਰ ਕਰਨ ਕਾਰਨ ਨਹੀਂ, ਉਹ ਪਹਿਲਾਂ ਤੋਂ ਹੋਂਦ ਵਿਚ ਆਏ

ਪਦਾਰਥਾਂ ਤੋਂ ਰਚਨਾ ਕਰਦਾ ਹੈ।ਮਨੂ ਅਨੁਸਾਰ ਧੁੰਧੂਕਾਰ ਵਿਚ ਸੋਨ ਬੀਜ (ਆਂਡਾ) ਰਖਿਆ ਗਿਆ ਜਿਸ ਤੋਂ ਬ੍ਰਹਮਾ ਹਿਰਨਗਰਭ ਜਾਂ ਪ੍ਰਜਾਪਤੀ ਦੇ ਰੂਪ ਵਿਚ ਪੈਦਾ ਹੋਇਆ, ਸੂਰਜ ਵਾਂਗ ਪ੍ਰਕਾਸ਼ਤ ਸੋਨ ਬੀਜ ਵਿਚ ਇਕ ਸਾਲ ਰਹਿਣ ਪਿਛੋਂ ਬ੍ਰਹਮਾ ਨੇ ਅਪਣੀ ਇੱਛਾ ਅਨੁਸਾਰ ਇਸ ਦੇ ਦੋ ਭਾਗ ਕਰ ਦਿਤੇ, ਇਕ ਭਾਗ ਤੋਂ ਪ੍ਰਲੋਕ ਅਤੇ ਦੂਜੇ ਤੋਂ ਧਰਤੀ ਬਣੀ।

ਉਪਨਿਸ਼ਦ ਸੰਕਲਪ = ਤੈਤ੍ਰੀਅ ਅਤੇ ਛਾਂਦੋਗ ਉਪਨਿਸ਼ਦਾਂ ਵਿਚ ਬ੍ਰਹਮ (ਰੱਬ) ਤੋਂ ਬ੍ਰਹਿਮੰਡ ਰਚਨਾ ਹੋਈ ਦਸੀ ਹੈ ਅਤੇ ਰਚਨਾ ਬ੍ਰਹਮ ਦੇ ਆਸਰੇ ਹੈ, ਅੰਤ ਬ੍ਰਹਮ ਵਿਚ ਹੀ ਲੀਨ ਹੋ ਜਾਂਦੀ ਹੈ।ਬ੍ਰਿਹਦਾਰਣਕ ਵਿਚ ਬ੍ਰਹਮ ਨੂੰ ਸ੍ਰਿਸਟੀ ਦਾ ਸੰਚਾਲਕ, ਸਰਬ ਸ਼ਕਤੀਮਾਨ ਕਿਹਾ ਹੈ ਅਤੇ ਸੰਸਾਰ ਦਾ ਆਦਿ ਪਾਣੀ ਤੋਂ ਦਸਿਆ ਹੈ।ਸਵੇਤਾ ਸਵੈਤ ਉਪਨਿਸ਼ਦ ਅਨੁਸਾਰ ਵਿਰਾਟ ਪੁਰਸ਼ ਸਭ ਤੋਂ ਪਹਿਲਾ ਜਨਮਿਆ, ਇਸ ਦੀ ਸਰਬ ਵਿਆਪਕਤਾ ਅਤੇ ਅੱਗ, ਸੂਰਜ, ਹਵਾ, ਅਤੇ ਵਿਸ਼ਨੂੰ ਨਾਲ ਅਭੇਦਤਾ ਦਸੀ ਹੈ।ਇਹੋ ਪੁਰਸ਼ ਵੈਸ਼ਨਵ ਧਰਮ ਵਿਚ ਪੁਰੁਸ਼-ਨਾਰਾਇਣ ਅਤੇ ਸ਼ੈਵ ਮੱਤ ਵਿਚ ਰੁਦਰ-ਸ਼ਿਵ ਦਾ ਰੂਪ ਹੈ।ਮੁੰਡਕ ਉਪਨਿਸ਼ਦ ਵਿਚ ਸੰਸਾਰ ਰਚਨਾ ਬ੍ਰਹਮ ਤੋਂ ਇਉਂ ਪੈਦਾ ਹੁੰਦੀ ਦਸੀ ਹੈ, ਜਿਵੇਂ ਮਕੜੀ ਤੋਂ ਜਾਲਾ, ਧਰਤੀ ਤੋਂ ਪੌਦੇ, ਸਰੀਰ ਤੋਂ ਵਾਲ ਅਤੇ ਅੱਗ ਤੋਂ ਅੰਗਿਆਰ ਅਪਣੇ ਆਪ ਪੈਦਾ ਹੁੰਦੇ ਹਨ ਅਤੇ ਅੰਤ ਉਸ ਵਿਚ ਹੀ ਸਮਾ ਜਾਂਦੇ ਹਨ, ਜਿਥੋਂ ਪੈਦਾ ਹੁੰਦੇ ਹਨ।ਤੈਤ੍ਰੀਅ ਉਪਨਿਸ਼ਦ ਅਨੁਸਾਰ ਸਭ ਬ੍ਰਹਮ ਹੀ ਬ੍ਰਹਮ ਹੈ, ਬ੍ਰਹਮ ਤੋਂ ਬਿਨਾ ਹੋਰ ਕੁਛ ਨਹੀ, ਇਹ ਵਿਚਾਰ ਵੇਦਾਂਤ ਦੇ ਅਦ੍ਵੈਤਵਾਦ ਦਾ ਆਧਾਰ ਹੈ।

ਪੁਰਾਣ ਸੰਕਲਪ = ਬ੍ਰਹਮ ਦੀ ਏਕਤਾ ਅਤੇ ਇਕ ਰੂਪਤਾ, ਪੁਰਸ਼ ਅਤੇ ਪ੍ਰਕ੍ਰਿਤੀ ਦਾ ਅਨਿਖੜਵਾਂ ਸਬੰਧ ਅਤੇ ਤੱਤਾਂ ਦਾ ਵਿਕਾਸ ਪੁਰਾਣਾਂ ਦੇ ਮੁਖ ਵਿਸ਼ੇ ਹਨ।ਵਿਸ਼ਨੂੰ ਪੁਰਾਣ ਵਿਚ ਬ੍ਰਹਮ ਦੇ ਦੋ ਸਰੂਪਾਂ ਪਾਰਬ੍ਰਹਮ (ਨਿਰਗੁਣ) ਅਤੇ ਅਪਰਬ੍ਰਹਮ (ਸਰਗੁਣ) ਦਾ ਵਿਸਥਾਰ ਹੈ।ਬ੍ਰਹਮ ਦੇ ਸਰਗੁਣ ਸਰੂਪ ਨੂੰ ਈਸ਼ਵਰ ਕਿਹਾ ਹੈ, ਜੋ ਸ੍ਰਿਸਟੀ ਦੇ ਤਿੰਨ ਗੁਣਾਂ, ਕਾਲ, ਪ੍ਰਾਕ੍ਰਿਤੀ ਅਤੇ ਹੰਕਾਰ ਨੂੰ ਪੈਦਾ ਕਰਦਾ ਹੈ।ਉਹ ਕਰਤਾ ਭਰਤਾ ਹਰਤਾ ਸਭ ਕੁਝ ਹੈ।ਸ਼ੈਵ ਮੱਤ ਵਿਚ ਉਹ ਬ੍ਰਹਮ, ਦਿਆਲੂ ਰੂਪ ਵਿਚ ਸ਼ਿਵ ਅਤੇ ਦੋਖੀ ਰੂਪ ਵਿਚ ਰੁਦਰ ਹੈ।ਸ਼ੈਵ ਮੱਤ ਸਾਰੀ ਰਚਨਾ ਰੁਦਰ ਤੋਂ ਹੋਈ ਮੰਨਦਾ ਹੈ, ਉਹ ਮਹੇਸ਼ਵਰ ਹੈ, ਹਰੇਕ ਮਨੁੱਖ ਦੇ ਅੰਦਰ ਵਸਦਾ ਹੈ, ਮਾਯਾ ਉਤੇ ਉਸ ਦਾ ਪੂਰਾ ਕੰਟਰੋਲ ਹੈ ਅਤੇ ਕ੍ਰੋਧ ਵਿਚ ਆਕੇ ਸੰਸਾਰ ਨਸ਼ਟ ਕਰ ਦਿੰਦਾ ਹੈ।ਰੁਦਰ ਇਕੱਲਾ ਹੀ ਧਰਤੀ ਅਤੇ ਅਕਾਸ਼ ਬਣਾਉਣ ਵਾਲਾ ਹੈ।ਸ਼ਿਵ ਪੁਰਾਣ ਵਿਚ ਬ੍ਰਹਮਾ ਤੋਂ ਰਚਨਾ ਹੋਈ ਦਸੀ ਹੈ, ਪਰ ਬ੍ਰਹਮਾ ਵਿਸ਼ਨੂੰ ਦੀ ਲੜਾਈ ਹੋ ਜਾਣ ਤੇ ਸ਼ਿਵ ਅੱਗ ਦੇ ਲਾਂਬੂ ਦੇ ਰੂਪ ਵਿਚ ਪ੍ਰਗਟ ਹੋਇਆ, ਜੋ ਜੋਤੀ ਲਿੰਗ (ਸ਼ਿਵ ਲਿੰਗ) ਹੈ ਅਤੇ ਸਾਰੀ ਰਚਨਾ ਦਾ ਮੂਲ ਕਾਰਣ ਹੈ।

ਵੇਦਾਂਤ ਮੱਤ = ਅਨੁਸਾਰ ਬ੍ਰਹਮ ਤੋਂ ਬਿਨਾ ਕਿਸੇ ਰਚਨਾ ਦਾ ਸੰਕਲਪ ਕੇਵਲ ਭਰਮ ਹੈ, ਦਵੈਤ ਕੇਵਲ ਦਿਖਾਵਾ ਹੈ ਅਤੇ ਅਦਵੈਤ ਹੀ ਕੇਵਲ ਯਥਾਰਥਕ ਸੱਚ ਹੈ।ਵੇਦਾਂਤ ਮਤ ਦੇ ਵੱਡੇ ਪ੍ਰਚਾਰਕ ਸ਼ੰਕਰ ਅਨੁਸਾਰ ਕੇਵਲ ਬ੍ਰਹਮ ਹੀ ਸੱਤ, ਸਦੀਵ ਤੇ ਵਾਸਤਵਿਕ ਹੈ, ਸ੍ਰਿਸਟੀ ਅਸੱਤ, ਭਰਮ ਅਤੇ ਵਿਖਾਵਾ ਹੈ।ਸੰਸਾਰ ਬ੍ਰਹਮ ਦਾ ਅਭਾਸ ਅਤੇ ਪ੍ਰਤੀ ਬਿੰਬ ਹੈ, ਯਥਾਰਥਕ ਨਹੀਂ।ਜੀਵ ਅਤੇ ਬ੍ਰਹਮ ਇਕ ਹੈ, ਭਿੰਨਤਾ ਦਾ ਕਾਰਣ ਅਵਿਦਿਆ ਹੈ, ਬ੍ਰਹਮ ਮਾਇਆ ਦੇ ਸੰਪਰਕ ਵਿਚ ਆ ਕੇ ਈਸ਼ਵਰ ਅਤੇ ਸਰਗੁਣ ਪ੍ਰਤੀਤ ਹੁੰਦਾ ਹੈ।ਸ਼ੰਕਰ ਦੇ ਅਦ੍ਵੈਤ ਵਾਦ ਵਿਚ ਨਾ ਕੋਈ ਕਰਤਾ, ਨਾ ਕਿਰਤ ਨਾ ਜੀਵ, ਨਾ ਜਗਤ, ਇਨ੍ਹਾਂ ਦੀ ਹੋਂਦ ਅਤੇ ਆਪਸੀ ਸਬੰਧ ਭਰਮ ਤੇ ਅਵਿਦਿਆ ਦੀ ਉਪਜ ਹਨ।

ਗੁਰਮਤਿ ਵਿਚਾਰਧਾਰਾ = ਗੁਰੂ ਨਾਨਕ ਦੇਵ ਜੀ ਨੇ ਪਰਮਾਤਮ ਹਸਤੀ ਲਈ ਕਰਤਾ ਅਤੇ ਕਰਤਾਰ ਸ਼ਬਦਾਂ ਦੀ ਵਰਤੋਂ ਬਹੁਤ ਕੀਤੀ ਹੈ।ਜਨਮ ਸਾਖੀਆਂ ਅਨੁਸਾਰ 'ਕਰਤਾਰ ਚਿਤ ਆਵੇ' ਉਨ੍ਹਾਂ ਦੀ ਖਾਸ ਅਸ਼ੀਰਵਾਦ ਸੀ, ਰਾਵੀ ਦਰਿਆ ਦੇ ਕੰਢੇ ਤੇ ਵਸਾਏ ਨਗਰ ਦਾ ਨਾਮ ਵੀ ਕਰਤਾਰ ਪੁਰ ਰਖਿਆ ਜੋ 'ਕਰਤਾ' ਦਾ ਭਾਵ ਪ੍ਰਗਟਾਉਂਦਾ ਹੈ।ਕਰਤਾ ਨੂੰ ਸਰਬ ਸਮਰੱਥ ਦਸਣ ਲਈ ਕੁਝ ਹੋਰ ਵਿਸ਼ੇਸਣਾਂ ਦਾ ਵੀ ਗੁਰੂ ਜੀ ਨੇ ਪ੍ਰਯੋਗ ਕੀਤਾ ਹੈ, ਜਿਵੇਂ ਕਰਤਾਰ, ਕਰਣਹਾਰ, ਕਰਣਕਰਾਵਣਹਾਰ, ਕਰਣ ਕਾਰਣ ਆਦਿ।ਇਨ੍ਹਾਂ ਪ੍ਰਕਰਣਾਂ ਵਿਚ ਜਗਤ ਦਾ ਕਰਤਾ ਭਰਤਾ ਅਤੇ ਹਰਤਾ ਇਕੋ ਨਿਰੰਕਾਰ ਨੂੰ ਦਸਿਆ ਹੈ, ਕੋਈ ਬ੍ਰਹਮਾ, ਪੁਰਸ਼, ਪ੍ਰਕ੍ਰਿਤੀ ਜਾਂ ਮਾਇਆ ਨਹੀਂ।ਹੇਠ ਲਿਖੇ ਗੁਰਬਾਣੀ ਦੇ ਪ੍ਰਮਾਣ 'ਕਰਤਾ' ਦੇ ਅਰਥ ਭਾਵ ਨੂੰ ਪ੍ਰਤੱਖ ਪ੍ਰਗਟ ਕਰਦੇ ਹਨ ਃ-

ਪਵਣੁ ਪਾਣੀ ਅਗਨਿ ਤਿਨਿ ਕੀਆ, ਬ੍ਰਹਮਾ ਬਿਸਨ ਮਹੇਸ ਆਕਾਰ (੫੦੪)।
ਬ੍ਰਹਮਾ ਬਿਸਨ ਮਹੇਸ ਇਕ ਮੂਰਤਿ, ਆਪੇ ਕਰਤਾ ਕਾਰੀ (੯੦੮)।
ਤੂੰ ਕਰਤਾ ਤੇਰਾ ਸਭੁ ਕੀਆ।ਤੁਝੁ ਬਿਨੁ ਅਵਰੁ ਨ ਕੋਈ ਬੀਆ (੧੦੨੯)।
ਏਕੋ ਕਰਤਾ ਅਵਰੁ ਨ ਕੋਇ (੧੧੭੪)।ਅਨਿਕ ਰੂਪ ਖਿਨ ਮਹਿ ਕੁਦਰਤਿ ਧਾਰਦਾ (੫੧੯)।
ਏਕ ਕਵਾਵੈ ਤੇ ਸਭ ਹੋਆ (੧੦੦੩)।ਏਕੋ ਕਰਤਾ ਜਿਨਿ ਜਗੁ ਕੀਆ (੧੧੮੮)।

ਲਗਭਗ ਸਾਰੇ ਟੀਕਾ ਕਾਰਾਂ ਨੇ ਕਰਤਾ ਦੇ ਅਰਥ ਕਰਨ ਵਾਲਾ, ਸਾਜਣ ਵਾਲਾ, ਰਚਨਹਾਰ, ਸਿਰਜਣਹਾਰ ਪ੍ਰਮਾਤਮਾ ਕੀਤੇ ਹਨ।

ਪੁਰਖੁ = ਪੁਰਖ ਦਾ ਅਰਥ ਹੈ = ਸਰਬ ਵਿਆਪਕ, ਨਿਰੰਕਾਰ ਇਕ ਦੇਸੀ ਨਹੀ, ਸਭ ਦੇ ਅੰਦਰ ਬਾਹਰ ਸਭ ਥਾਵਾਂ ਤੇ ਨਿਵਾਸ ਹੈ

ਜਿਸ ਦਾ, ਪੁਰ ਪੁਰ (ਅਨੇਕਾਂ ਬ੍ਰਹਿਮੰਡਾਂ) ਵਿਚ ਨਿਰੰਕਾਰ ਦਾ ਵਾਸਾ ਹੈ, ਸਭ ਜਗ੍ਹਾ ਪਰੀਪੂਰਣ ਹੈ।ਜਿਸ ਤੋਂ ਸਰਬ ਸ੍ਰੇਸਟ ਕੋਈ ਵਸਤੂ ਨਹੀ, ਜਿਸ ਦੇ ਬਰਾਬਰ ਨਾ ਕੋਈ ਸੂਖਮ ਅਤੇ ਨਾ ਹੀ ਕੋਈ ਮਹਾਨ।ਜਿਹੜਾ ਇਕੱਲਾ ਹੀ ਬ੍ਰਿਛ ਵਾਂਙ ਨਿਹਚਲ ਭਾਵ ਨਾਲ ਪ੍ਰਕਾਸ਼ ਮਈ ਅਕਾਸ਼ ਵਿਚ ਸਥਿਤ ਹੈ ਅਤੇ ਉਸ ਪਰਮ ਪੁਰਖ ਪੁਰਖੋਤਮ ਤੋਂ ਸੰਪੂਰਨ ਜਗਤ ਪਰੀਪੂਰਨ ਹੈ {ਆਦਿ ਪੁਰਖ ਕਾਰਣ ਕਰਤਾਰ ੨੯੦}। 'ਪੁ' ਦਾ ਅਰਥ ਨਰਕ ਅਤੇ 'ਰਖ' ਦਾ ਅਰਥ ਰਖਿਆ, ਜਿਹੜਾ ਨਰਕਾਂ ਤੋਂ ਰੱਖਿਆ ਕਰਦਾ ਹੈ, ਉਹ ਪੁਰਖ ਹੈ।ਵਿਸ਼ਵ ਨੂੰ ਪੈਦਾ ਕਰਨ ਵਾਲੀ ਪਰਮ ਪ੍ਰਮਾਤਮ ਹਸਤੀ, ਸਰਬ ਵਿਆਪਕ ਸੱਤਾ, ਰਚਨਾ ਕਰਨ ਵਾਲੀ ਸ਼ਕਤੀ।ਗੁਰਮਤਿ ਵਿਚ 'ਪੁਰਖ' ਨੂੰ 'ਕਰਤਾ' ਨਾਲ ਜੋੜ ਕੇ ਨਿਰੰਕਾਰ ਨੂੰ ਸੰਸਾਰ ਰਚਨਾ ਨਾਲ ਸਬੰਧਤ ਕੀਤਾ ਗਿਆ ਹੈ, ਜੋ ਰਚਨਾ ਰਚ ਕੇ ਅਪਣੀ ਰਚਨਾ ਵਿਚ ਮੌਜੂਦ ਰਹਿੰਦਾ ਹੈ।ਤੂ ਕਰਤਾ ਪੁਰਖੁ ਅਗੰਮੁ ਹੈ, ਰਵਿਆ ਸਭ ਠਾਈ (ਮ. ੧, ੧੨੯੧)।
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ, ਹਰਿ ਏਕੋ ਪੁਰਖੁ ਸਮਾਣਾ (੧੦)।ਓਇ ਪਰਮ ਪੁਰਖੁ ਦੇਵਾਧਿ ਦੇਵ (੧੧੯੪)।
ਮੈ ਹੋ ਪਰਮ ਪੁਰਖੁ ਕੋ ਦਾਸਾ...।ਪਰਮ ਪੁਰਖ ਕਿਨਹੂ ਨਹਿ ਪਾਇਓ (ਬਚਿਤ੍ਰ ਨਾਟਕ ਪਾ. ੧੦)।
ਇਸ ਤੋਂ ਬਿਨਾ 'ਪੁਰਖ' ਦੇ ਹੇਠ ਲਿਖੇ ਹੋਰ ਵੀ ਅਰਥ ਵੀ ਕੀਤੇ ਗਏ ਹਨਃ-
੧. ਮਨੁੱਖ, ਆਦਮੀ (ਪੁਲਿੰਗ ਰੂਪ ਵਿਚ), ਜਿਵੇਂ = ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ (੨੬੬)।
੨. ਅਫਸਰ, ਅਧਿਕਾਰੀ, ਦੂਤ, ਸੇਵਕ।੩. ਆਤਮਾ = ਪੁਰਖੈ ਪੁਰਖ ਮਿਲਿਆ ਗੁਰੁ ਪਾਇਆ...(੬੦੭)।
੪. ਪਤੀ = ਜਿਉਂ ਪੁਰਖੈ ਘਰਿ ਭਗਤੀ ਨਾਰਿ ਹੈ...(੧੪੧੩)। ਵਿਆਕਰਣ ਵਿਚ ਪ੍ਰਥਮ, ਮਧਿ ਅਤੇ ਅਨ ਪੁਰਖ।
੫. ਸਾਂਖ ਦਰਸ਼ਨ ਦਾ ਪੁਰੁਸ਼-ਆਤਮਾ, ਪ੍ਰਾਕ੍ਰਿਤੀ ਤੋਂ ਉਲਟ, ਜਿਹੜਾ ਨਾ ਤਾਂ ਕਾਰਜ ਹੈ ਤੇ ਨਾ ਕਾਰਜਸ਼ੀਲ, ਪ੍ਰਾਕ੍ਰਿਤੀ ਦਾ ਸੂਖਮ ਤੱਤ ਪੁਰੁਸ਼ ਦੇ ਸੰਜੋਗ ਨਾਲ ਸ੍ਰਿਸਟੀ ਰਚਨਾ ਕਰਦਾ ਹੈ।

ਪੱਛਮੀ ਧਰਮਾਂ ਨੇ ਨਿਰੰਕਾਰ ਨੂੰ ਜਗਤ ਦਾ ਕਰਤਾ ਤਾਂ ਮੰਨਿਆ ਹੈ, ਪਰ ਉਸ ਨੂੰ ਸੱਤਵੇਂ ਆਕਾਸ਼ ਤੇ ਬਿਠਾ ਕੇ ਜਗਤ ਨਾਲ ਉਸ ਦਾ ਸਿੱਧਾ ਸਬੰਧ ਨਹੀਂ ਰਹਿਣ ਦਿਤਾ।ਪੈਗੰਬਰ ਰਾਹੀਂ ਹੀ ਸਬੰਧ ਕਾਇਮ ਹੋ ਸਕਦਾ ਹੈ ਅਤੇ ਸਬੰਧ ਪ੍ਰਾਪਤ ਹੋਏ ਦਾ ਫਲ ਪੈਗੰਬਰ ਦੀ ਸਿਫਾਰਸ਼ ਤੇ ਹੀ ਸੁਰਗਾਂ ਵਿਚ ਮਿਲਦਾ ਹੈ, ਨਹੀ ਤਾਂ ਨਰਕਾਂ ਵਿਚ ਸਜਾ ਮਿਲਦੀ ਹੈ।ਸਾਮੀ ਧਰਮ ਰੱਬ ਨੂੰ ਸਰਬ ਵਿਆਪਕ ਨਹੀ ਮੰਨਦੇ ਅਤੇ ਨਾ ਹੀ ਮਨੁੱਖ ਰੱਬ ਨਾਲ ਇਕ ਮਿਕ ਹੋ ਸਕਦਾ ਹੈ।ਗੁਰੂ ਜੀ ਕਰਤਾ ਨੂੰ ਅਪਣੀ ਕਿਰਤ ਵਿਚ ਓਤ ਪੋਤ ਦਰਸਾਉਣ ਲਈ 'ਪੁਰਖ' ਸ਼ਬਦ ਵਰਤਦੇ ਹਨ, ਉਸ ਦਾ ਦਾ ਸਿੰਘਾਸਣ ਨਾ ਸੱਤਵੇਂ ਆਕਾਸ਼ ਵਿਚ ਹੈ ਅਤੇ ਨਾ ਹੀ ਕਿਸੇ ਖੀਰ ਸਮੁੰਦਰ ਵਿਚ, ਸਗੋਂ ਰਚਨਾ ਵਿਚ ਇਉਂ ਸਮਾਇਆ ਹੋਇਆ ਹੈ, ਜਿਵੇਂ ਦੁੱਧ ਵਿਚ ਖੰਡ, ਦਾਲ ਸਬਜੀ ਵਿਚ ਲੂਣ, ਫੁੱਲਾਂ ਵਿਚ ਮਹਿਕ {ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੈ ਛਾਈ ੬੮੪}, ਬੀਜਾਂ ਵਿਚ ਤੇਲ, ਬਨਸਪਤੀ ਵਿਚ ਅੱਗ, ਦੁਧ ਵਿਚ ਘਿਓ {ਸਗਲ ਬਸਨਪਤਿ ਮਹਿ ਬੈਸੰਤਰੁ ,ਸਗਲ ਦੂਧ ਮਹਿ ਘੀਆ ੬੧੭} ਅਤੇ ਫਲਾਂ ਵਿਚ ਰਸ।ਨਿਰੰਕਾਰ ਉਤੇ ਥੱਲੇ ਸੱਜੇ ਖੱਬੇ ਅੱਗੇ ਪਿਛੇ ਹਰ ਥਾਂ ਭਰਪੂਰ ਹੈ {ਦਸੇ ਦਿਸਾ ਰਵਿਆ ਪ੍ਰਭੁ ਏਕੁ ੨੯੯}।ਉਹ ਸਭ ਨੂੰ ਦੇਖਦਾ ਬੁਝਦਾ ਸੁਣਦਾ ਸੰਭਾਲਦਾ ਪਾਲਦਾ ਹੈ ਅਤੇ ਸਭ ਦੀ ਰਖਿਆ ਕਰਦਾ ਹੈ।

ਕਰਤਾ ਪੁਰਖ ਲਈ ਗੁਰਬਾਣੀ ਵਿਚ ਸਤਿ ਪੁਰਖ, ਸਚੈ ਪੁਰਖ, ਅਕਾਲ ਪੁਰਖ, ਅਲੇਖ ਪੁਰਖ, ਬਿਧਾਤਾ ਪੁਰਖ, ਅਬਿਨਾਸੀ ਪੁਰਖ, ਗੁਰ ਪੁਰਖ, ਸਤਿਗੁਰ ਪੁਰਖ, ਮਹਾਂ ਪੁਰਖ, ਵੱਡਾ ਪੁਰਖ, ਏਕ ਪੁਰਖ, ਆਦਿ ਪੁਰਖ ਇਹ ਸਾਰੇ ਸ਼ਬਦ ਪ੍ਰਮਾਤਮਾ ਦੀ ਸਰਬ ਵਿਆਪਕ ਚੇਤਨਤਾ ਦੇ ਭਾਵ ਪ੍ਰਗਟ ਕਰ ਰਹੇ ਹਨ।ਗੁਰਬਾਣੀ ਅਨੁਸਾਰ ਰਚਨਾ ਦਾ ਆਦਿ ਵੀ ਹੈ ਅਤੇ ਅੰਤ ਵੀ।ਇਸ ਨੂੰ ਰਚਣ, ਸੰਵਾਰਨ, ਪਾਲਣ ਅਤੇ ਸਮੇਟਣ ਵਾਲਾ ਕਰਤਾ ਪੁਰਖ ਹੈ।ਕੁਝ ਮੱਤਾਂ ਨੇ ਸ੍ਰਿਸਟੀ ਨੂੰ ਅਨਾਦੀ (ਆਦਿ ਅੰਤ ਤੋਂ ਰਹਿਤ) ਅਤੇ ਅਨੰਤ ਕਾਲ ਤੋਂ ਤੁਰਿਆ ਆ ਰਿਹਾ ਵਹਿਣ ਮੰਨਿਆ ਹੈ।ਗੁਰੂ ਨਾਨਕ ਦੇਵ ਜੀ ਨੇ ਰਚਨਾ ਤੋਂ ਪਹਿਲੇ ਸਮੇਂ ਦੀ ਅਵਸਥਾ ਨੂੰ ਆਦਿ ਅਤੇ ਰਚਨਾ ਕਾਲ ਨੂੰ ਜੁਗਾਦਿ ਕਿਹਾ ਹੈ।ਰਚਨਾ ਤੋਂ ਪਹਿਲਾਂ ਕੇਵਲ ਉਹ ਹੀ ਸੀ, ਹੋਰ ਕੁਝ ਵੀ ਨਹੀਂ ਸੀ {ਆਪਣਾ ਆਪਿ ਉਪਾਇਓਨੁ ,ਤਦਹੁ ਹੋਰ ਨ ਕੋਈ ੫੦੯}।ਜਦੋਂ ਉਹ ਚਾਹੁੰਦਾ ਹੈ ਤਾਂ ਰਚਨਾ ਰਚਦਾ ਹੈ, ਇਹ ਰਚਨਾ ਉਸ ਦੀ ਖੇਡ ਹੈ, ਜਿਸ ਦਾ ਆਦਿ ਵੀ ਹੈ ਅਤੇ ਅੰਤ ਵੀ।ਉਹ ਅਪਣੀ ਮਰਜੀ ਆਨੁਸਾਰ ਰਚਨਾ ਦਾ ਵਿਸਥਾਰ ਕਰਦਾ ਹੈ ਅਤੇ ਅਪਣੀ ਮਰਜੀ ਨਾਲ ਇਸ ਨੂੰ ਸਮੇਟ ਲੈਂਦਾ ਹੈ {ਆਪਨ ਖੇਲ ਆਪਿ ਕਰਿ ਦੇਖੈ।ਖੇਲੁ ਸੰਕੋਚੈ ਤਉ ਨਾਨਕ ਏਕੈ ੨੯੨ ; ਤਿਸ ਭਾਵੈ ਤਾ ਕਰੇ ਬਿਸਥਾਰ।ਤਿਸ ਭਾਵੈ ਤਾ ਏਕੰਕਾਰੁ ੨੯੪}।ਕਰਤਾ ਪੁਰਖ ਨੇ ਇਹ ਰਚਨਾ ਕਈ ਵਾਰ ਰਚੀ ਹੈ {ਕਈ ਬਾਰ ਪਸਰਿਓ ਪਾਸਾਰ।ਸਦਾ ਸਦਾ ਇਕੁ ਏਕੰਕਾਰ ੨੭੬}। ਰਚਨਾ ਦੀ ਸਿਰਜਨਾ ਅਤੇ ਰਚਨਾ ਦੀ ਸਮਾਪਤੀ ਕਰਤਾ ਪੁਰਖ ਦੀ ਅੱਖ ਦੇ ਫੋਰ ਵਿਚ ਹੋ ਜਾਂਦੀ ਹੈ, ਇਸ ਨੂੰ ਛੇ ਦਿਨ ਨਹੀ ਲਗਦੇ, ਜਿਵੇਂ ਕਿ ਪੱਛਮੀ ਮੱਤ ਮੰਨਦੇ ਹਨ {ਹਰਨ ਭਰਨ ਜਾ ਕਾ ਨੇਤ੍ਰ ਫੋਰ ੨੮੪}।

ਰਚਨਾ ਤੋਂ ਪਹਿਲਾਂ ਵਾਲੀ ਅਵਸਥਾ = ਗੁਰਬਾਣੀ ਵਿਚ ਸ੍ਰਿਸਟੀ ਰਚਨਾ ਤੋਂ ਪਹਿਲੀ ਹਾਲਤ ਨੂੰ ਸੁੰਨ ਜਾਂ ਅਫੁਰ ਅਵਸਥਾ ਕਿਹਾ ਹੈ,

ਜਦੋਂ ਨਿਰੰਕਾਰ ਨਿਰਗੁਣ, ਕ੍ਰਿਆ ਰਹਿਤ, ਫੁਰਨੇ ਰਹਿਤ ਅਵਸਥਾ ਵਿਚ ਸਮਾਧੀ ਸਥਿਤ ਹੁੰਦਾ ਹੈ।ਜਦੋਂ ਉਸ ਦੀ ਇੱਛਾ ਹੁੰਦੀ ਹੈ ਤਾਂ ਜਗਤ ਰਚਨਾ ਕਰਦਾ ਹੈ {ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ੧੦੩੬}।ਜਗਤ ਰਚਨਾ ਦੇ ਫੁਰਨੇ ਤੋਂ ਪੌਣ ਪੈਦਾ ਹੁੰਦੀ ਹੈ, ਫਿਰ ਪੌਣ ਤੋਂ ਜਲ ਪੈਦਾ ਹੁੰਦਾ ਹੈ ਅਤੇ ਜਲ ਤੋਂ ਤਿੰਨਾਂ ਭਵਨਾਂ ਵਾਲੇ ਜਗਤ ਦੀ ਰਚਨਾ ਹੁੰਦੀ ਗੁਰੂ ਨਾਨਕ ਦੇਵ ਜੀ ਨੇ ਦਸੀ ਹੈ {ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ।ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ ੧੯}।ਅਜ ਸਾਇੰਸ ਦੀ ਖੋਜ ਨੇ ਵੀ ਰਚਨਾ ਦਾ ਮੁੱਢ ਧੁੰਧੂਕਾਰ (ਪੌਣ ਜਾਂ NEBULEA) ਹੀ ਮੰਨਿਆ ਹੈ।ਭੌਤਿਕ ਵਿਗਿਆਨ ਅਨੁਸਾਰ ਸਾਰਾ ਵਿਸ਼ਵ ਪਹਿਲਾਂ ਗੈਸਾਂ (ਪੌਣ) ਦੇ ਰੂਪ ਵਿਚ ਸੀ, ਇਨ੍ਹਾਂ ਘੁੰਮਦੀਆਂ ਗੈਸਾਂ ਤੋਂ ਪਾਣੀ ਤੇ ਧਰਤੀ, ਅਕਾਸ਼, ਤਾਰੇ ਆਦਿ ਹੋਂਦ ਵਿਚ ਆਏ।ਗੈਸਾਂ ਤੋਂ ਜਗਤ ਰਚਨਾ ਹੋਈ ਤਾਂ ਸਾਇਸ ਨੇ ਮੰਨ ਲਈ, ਪਰ ਗੈਸਾਂ ਦਾ ਮੁੱਢ ਕੀ ਹੈ, ਇਸ ਦਾ ਉਤਰ ਵਿਗਿਆਨੀਆਂ ਕੋਲ ਨਹੀਂ, ਨਿਰੰਕਾਰੀ ਅਨੁਭਵੀ ਮਹਾਨ ਪੁਰਸ਼ ਗੁਰੂ ਨਾਨਕ ਦੇਵ ਜੀ ਨੇ ਗੈਸਾਂ ਦਾ ਆਦਿ 'ਕਰਤਾ ਪੁਰਖ' ਨੂੰ ਦਸਿਆ ਹੈ।ਪਤਾ ਨਹੀ ਕਿੰਨੇ ਜੁਗ ਇਸ ਧੁੰਧੂਕਾਰ ਵਾਲੀ ਹਾਲਤ ਦੇ ਬੀਤ ਗਏ {ਕੇਤੜਿਆਂ ਜੁਗ ਧੁੰਧੂਕਾਰੈ।ਤਾੜੀ ਲਾਈ ਸਿਰਜਣਹਾਰੈ (ਮ.੧) ੧੦੨੩}।ਗੁਰੂ ਨਾਨਕ ਦੇਵ ਜੀ ਨੇ ਸ੍ਰਿਸਟੀ ਰਚਨਾ ਤੋਂ ਪਹਿਲਾਂ ਦੀ ਸੁੰਨ ਅਵਸਥਾ ਦਾ {ਅਰਬਦ ਨਰਬਦ ਧੁੰਧੂਕਾਰਾ...੧੦੩੫} ਮਾਰੂ ਸੋਹਲਿਆਂ ਦੇ ਪਦੇ ਵਿਚ ਅਤੇ ਗੁਰੂ ਅਰਜਨ ਦੇ ਜੀ ਨੇ ਸੁਖਮਨੀ ਸਾਹਿਬ {ਜਬ ਆਕਾਰ ਇਹੁ ਕਛ ਨ ਦ੍ਰਿਸਟੇਤਾ...੨੯੦} ਵਿਚ ਵਿਸਥਾਰ ਸਹਿਤ ਵਰਨਣ ਕੀਤਾ ਹੈ।

ਜਗਤ ਰਚਨਾ ਕਰਤਾ ਪੁਰਖ ਦੀ ਕਿਰਤ ਹੈ, ਕਰਤਾ ਪੁਰਖ ਦਾ ਰੂਪ ਪ੍ਰੀਵਰਤਨ ਨਹੀਂ।ਗੁਰੂ ਨਾਨਕ ਦੇ ਜੀ ਆਖਦੇ ਹਨ ਕਿ ਕਰਤਾ ਪੁਰਖ ਨੇ ਆਪ ਜਗਤ ਪੈਦਾ ਕੀਤਾ {ਆਪ ਉਪਾਇਆ ਜਗਤ ਸਬਾਇਆ ੧੦੨੨ ; ਆਪੇ ਕਰਤਾ ਪੁਰਖੁ ਬਿਧਾਤਾ ੧੦੨੫}।ਗੁਰੂ ਅਰਜਨ ਦੇਵ ਜੀ ਅਨੁਸਾਰ ਨਿਰੰਕਾਰ ਨੇ ਅਪਣੀ ਸ਼ਕਤੀ ਰਾਹੀਂ ਧਰਤੀ ਨੂੰ ਟਿਕਾਇਆ ਹੋਇਆ ਹੈ ਅਤੇ ਆਕਾਸ਼ ਨੂੰ ਹੁਕਮ ਰੂਪ ਚਰਣਾਂ ਤੇ ਟਿਕਾ ਕੇ ਰੱਖਿਆ ਹੈ {ਕਲਾ ਉਪਾਇ ਧਰੀ ਜਿਨਿ ਧਰਣਾ।ਗਗਨ ਰਹਾਇਆ ਹੁਕਮੇ ਚਰਣਾ ੧੦੭੧}।ਕਰਤਾ ਪੁਰਖ ਨਮਿੱਤ ਅਤੇ ਉਪਾਦਾਨ ਦੋਵੇਂ ਕਾਰਨ ਹੈ (ਨਮਿਤ ਕਾਰਣ = ਜਿਵੇਂ ਕਪੜੇ ਦਾ ਜੁਲਾਹਾ, ਖੱਡੀ ਅਤੇ ਨਲਕੀ ਆਦਿ।ਉਪਾਦਾਨ ਕਾਰਣ = ਜਿਵੇਂ ਕਪੜੇ ਦਾ ਸੂਤ ਅਤੇ ਘੜੇ ਦਾ ਮਿੱਟੀ), ਸ੍ਰਿਸਟੀ ਕਾਰਜ ਹੈ ਅਤੇ 'ਕਰਤਾ ਪੁਰਖ' ਕਾਰਨ ਹੈ, ਜੋ ਸਰਬ ਸਮਰੱਥ ਹੈ। ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਕਰਨ ਕਾਰਨ ਦੇ ਭਾਵ ਪ੍ਰਤੱਖ ਪ੍ਰਗਟ ਹਨ ः–

ਕਰਣ ਕਾਰਣ ਸਮਰਥ ਅਪਾਰਾ।ਕਰਿ ਕਰਿ ਵੇਖੈ ਕੀਤਾ ਅਪਣਾ, ਕਰਣੀ ਕਾਰ ਕਰਾਇਦਾ।(੧੦੩੫)।

ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ।ਨਾਨਕ ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ।(੨੭੬)।

ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ।(ਮ. ੨ ਅੰਗ ੧੪੮)।ਤੁਧੁ ਆਪੇ ਕਾਰਣ ਆਪੇ ਕਰਣਾ (੫੬੪)।

ਸ੍ਰਿਸਟੀ ਰਚਨਾ ਕਿਸੇ ਦੇਵਤੇ, ਪ੍ਰਕ੍ਰਿਤੀ, ਪ੍ਰਮਾਣੂ ਆਦਿ ਤੋਂ ਨਹੀ ਹੁੰਦੀ, ਇਹ ਰਚਨਾ ਕਰਤਾ ਪੁਰਖ ਨੇ ਅਪਣੇ ਆਪ ਸਿਰਜੀ ਅਤੇ ਆਪ ਹੀ ਇਸ ਦਾ ਮਾਲਕ ਹੈ, ਕਣ ਕਣ ਵਿਚ ਵਸਦਾ ਹੈ ਅਤੇ ਆਪ ਹੀ ਰਚਨਾ ਦੀ ਸੰਭਾਲ ਅਤੇ ਪਾਲਣਾ ਕਰਦਾ ਹੈ।ਰਚਨਾ ਕਰਨ ਵਿਚ ਉਸ ਨੂੰ ਕਿਸੇ ਦੀ ਸਲਾਹ ਮਸ਼ਵਰਾ ਲੈਣ ਦੀ ਵੀ ਜਰੂਰਤ ਨਹੀਂ, ਜੋ ਕੁਝ ਕਰਦਾ ਹੈ ਅਪਣੀ ਇਛਾ ਅਨੁਸਾਰ ਕਰਦਾ ਹੈ {ਬੀਓ ਪੂਛਿ ਨ ਮਸਲਤਿ ਧਰੈ।ਜੋ ਕਿਛੁ ਕਰੈ ਸੁ ਆਪਹਿ ਕਰੈ ੮੬੩}।ਕ੍ਰੋੜਾਂ ਵਿਸ਼ਨੂੰ, ਬ੍ਰਹਮਾ, ਸ਼ਿਵ, ਦਸ ਅਵਤਾਰ, ਦੇਵਤੇ, ਦੈਂਤ ਅਤੇ ਸਿਵ ਸਕਤੀ ਆਦਿ ਸਭ ਕਰਤਾ ਪੁਰਖ ਦੀ ਉਪਜ ਹਨ {ਕੋਟਿ ਬਿਸਨ ਕੀਨੇ ਅਵਤਾਰ।ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ।ਕੋਟਿ ਮਹੇਸ ਉਪਾਇ ਸਮਾਏ।ਕੋਟਿ ਬ੍ਰਹਮੇ ਜਗੁ ਸਾਜਣ ਲਾਏ ੧੧੫੬}।

ਕਾਲ ਪੁਰਖ ਕੀ ਦੇਹਿ ਮੋ, ਕੋਟਿਕ ਬਿਸਨ ਮਹੇਸ।ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕ੍ਰੋਰ ਜਲੇਸ।(ਦਸਮ ਗ੍ਰੰਥ ਅੰਗ ੧੯੨)।

ਰਚਨਾ ਸਰੋਤ = ਕਰਤਾ ਪੁਰਖ ਨੂੰ ਸੰਸਾਰ ਦੀ ਰਚਨਾ ਕਰਨ ਲਈ ਕਿਸੇ ਬਾਹਰੀ ਸਮੱਗਰੀ, ਸੂਖਮ ਪ੍ਰਮਾਣੂਆਂ ਜਾਂ ਜੜ੍ਹ ਪ੍ਰਕ੍ਰਿਤੀ ਦੀ ਲੋੜ ਨਹੀਂ ਪੈਂਦੀ।ਉਹ ਅਪਣੇ ਆਪ ਤੋਂ ਹੀ ਰਚਨਾ ਕਰਦਾ ਹੈ, ਪਰ ਇਸ ਰਚਨਾ ਨੂੰ ਗੁਰਬਾਣੀ ਵਿਚ ਨਿਰੰਕਾਰ ਦੇ ਕਈ ਢੰਗਾਂ ਅਤੇ ਅਵਸਥਾ ਦੇ ਭੇਦਾਂ ਰਾਹੀਂ ਹੋਇਆ ਦਸਿਆ ਹੈ =

ਜਿਵੇਂ ਸੁੰਨ ਤੋਂ ਰਚਨਾ = ਪਉਣੁ ਪਾਣੀ ਸੁਨੈ ਤੇ ਸਾਜੇ।...ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ।....ਸੁੰਨਹੁ ਧਰਤਿ ਅਕਾਸੁ ਉਪਾਏ। ... ਸੁੰਨਹੁ ਉਪਜੇ ਦਸ ਅਵਤਾਰਾ।ਸ੍ਰਿਸਟਿ ਉਪਾਇ ਕੀਆ ਪਾਸਾਰਾ (੧੦੩੭)।'ਸੁੰਨ' ਸ਼ਬਦ ਪ੍ਰਭੂ ਦੀ ਨਿਰਗੁਣ ਜਾਂ ਅਫੁਰ ਅਵਸਥਾ ਨੂੰ ਕਿਹਾ ਹੈ।ਓਅੰਕਾਰ ਤੋਂ ਰਚਨਾ = ਓਅੰਕਾਰਿ ਸਭ ਸ੍ਰਿਸਟਿ ਉਪਾਈ।(੧੦੬੧)।

ਸਤਿ ਤੋਂ ਰਚਨਾ = ਆਪਿ ਸਤਿ ਕੀਆ ਸਭੁ ਸਤਿ।ਤਿਸੁ ਪ੍ਰਭ ਤੇ ਸਗਲੀ ਉਤਪਤਿ।(੨੯੪)।ਸਾਚੌ ਉਪਜੈ ਸਾਚਿ ਸਮਾਵੈ...(੯੪੦)।ਨਾਮ ਤੋਂ ਰਚਨਾ = ਨਾਮੈ ਹੀ ਤੇ ਸਭੁ ਕਿਛੁ ਹੋਆ (੭੫੩)।ਨਾਮੇ ਉਪਜੈ ਨਾਮੇ ਬਿਨਸੈ, ਨਾਮੇ ਸਚਿ ਸਮਾਏ (੨੪੬)।

ਸਬਦ ਤੋਂ ਰਚਨਾ = ਉਤਪਤਿ ਪਰਲਉ ਸਬਦੇ ਹੋਵੈ (੧੧੭)।

ਕਵਾਉ ਤੋਂ ਰਚਨਾ = ਕੀਤਾ ਪਸਾਉ ਏਕੋ ਕਵਾਉ।ਤਿਸ ਤੇ ਹੋਇ ਲਖ ਦਰੀਆਉ (੩) ; ਏਕ ਕਵਾਵੈ ਤੇ ਸਭ ਹੋਆ (੧੦੦੩)। ਹੁਕਮ ਤੋਂ ਰਚਨਾ = ਹੁਕਮੀ ਹੋਵਨਿ ਆਕਾਰ (ਜਪੁ ਜੀ ਅੰਗ ੧); ਹੁਕਮੇ ਆਇਆ ਹੁਕਮਿ ਸਮਾਇਆ।ਹੁਕਮੇ ਦੀਸੈ ਜਗਤ ਸਬਾਇਆ (੧੦੩੭)।ਇਹ ਸਾਰੀ ਰਚਨਾ ਅਕਾਲ ਪੁਰਖ ਦੀ ਖੇਡ ਹੈ, ਉਹ ਸਭ ਕੁਝ ਅਪਣੀ ਮਰਜੀ ਨਾਲ ਕਰਦਾ ਹੈ।ਸੁੰਨ, ਓਅੰਕਾਰ, ਸਤਿ, ਨਾਮ, ਕਵਾਓ, ਹੁਕਮ ਆਦਿ ਸਾਰੇ ਸ਼ਬਦ ਅਕਾਲ ਪੁਰਖ ਜਾਂ ਉਸ ਦੀ ਸ਼ਕਤੀ ਦੇ ਹੀ ਸੂਚਕ ਹਨ।

ਅਕਾਲ ਪੁਰਖ ਬੇਅੰਤ ਹੈ, ਉਸ ਦੀ ਰਚਨਾ ਦਾ ਵੀ ਕੋਈ ਅੰਤ ਨਹੀ।ਇਸਲਾਮ ਅਤੇ ਇਸਾਈ ਮੱਤ ਨੇ ਚੌਦਾਂ ਤਬਕ (ਸੱਤ ਪਤਾਲ ਅਤੇ ਸੱਤ ਅਕਾਸ਼) ਮੰਨੇ ਹਨ, ਇਸੇ ਤਰ੍ਹਾਂ ਹਿੰਦੂਆਂ ਨੇ ਵੀ ਚੌਦਾਂ ਲੋਕ ਆਖੇ ਹਨ।ਅਕਾਲ ਪੁਰਖ ਦੀ ਰਚੀ ਸ੍ਰਿਸਟੀ ਵਾਰੇ ਕਿਆਸ ਅਰਾਈਆਂ ਹੀ ਹੋ ਸਕਦੀਆਂ ਹਨ, ਕੋਈ ਗਿਣਤੀ ਨਹੀ ਕਰ ਸਕਦਾ।ਗੁਰਬਾਣੀ ਅਨੁਸਾਰ ਧਰਤੀਆਂ, ਸੂਰਜ, ਚੰਦ, ਅਕਾਸ਼, ਬ੍ਰਹਮੰਡ ਅਣਗਿਣਤ ਹਨ, ਜਿਨ੍ਹਾਂ ਦੀ ਗਿਣਤੀ ਨਹੀ ਹੋ ਸਕਦੀ।ਜੋਨੀਆਂ ਵੀ ੮੪ ਹੀ ਨਹੀ, ਅਣਗਿਣਤ ਹਨ (ਸੁਖਮਨੀ ਸਾਹਿਬ ੧੦ ਵੀਂ ਅਸਟਪਦੀ), ਧਰਤੀ ਦੇ ਗ੍ਰਹਿ ਮੰਡਲ ਵਰਗੇ ਅਣਗਿਣਤ ਗ੍ਰਹਿ ਮੰਡਲ ਹਨ, ਜਿਨ੍ਹਾਂ ਨੂੰ ਵੇਖਣਾ ਅਜ ਵਿਗਿਆਨੀਆਂ ਲਈ ਵੀ ਮੁਸ਼ਕਲ ਹੈ।ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਵਿਚ ਕਰਤਾ ਪੁਰਖ ਦੀ ਰਚਨਾ ਦੀ ਬੇਅੰਤਤਾ, ਅਨੰਤਤਾ ਦਾ ਵਰਨਣ ਮਿਲਦਾ ਹੈ =

ਕਰਤੇ ਕੈ ਕਰਣੈ ਨਾਹੀ ਸੁਮਾਰ (੩); ਪਾਤਲਾ ਪਾਤਾਲ ਲਖ ਆਗਾਸਾ ਆਗਾਸ।....ਅੰਤੁ ਨ ਜਾਪੈ ਕੀਤਾ ਆਕਾਰੁ।ਅੰਤੁ ਨ ਜਾਪੈ ਪਾਰਾਵਾਰੁ (ਜਪੁ ਜੀ ਸਾਹਿਬ ਅੰਗ ੫)।

ਨਾਨਕ ਰਚਨਾ ਪਭਿ ਰਚੀ, ਬਹੁ ਬਿਧਿ ਅਨਿਕ ਪ੍ਰਕਾਰ (੨੭੫)।ਕਈ ਕੋਟਿ ਪਵਣ ਪਾਣੀ ਬੈਸੰਤਰ।ਕਈ ਕੋਟਿ ਦੇਸ ਭੂ ਮੰਡਲ। ਕਈ ਕੋਟ ਸਸੀਅਰ ਸੂਰ ਨਖ੍ਹਤ੍ਰ...।ਕਈ ਕੋਟਿ ਖਾਣੀ ਅਰੁ ਖੰਡ।ਕਈ ਕੋਟਿ ਆਕਾਸ ਬ੍ਰਹਮੰਡ (ਸੁਖਮਨੀ ਸਾਹਿਬ ੨੭੬)।

**ਰਚਨਾ ਦਾ ਅਰੰਭ** = ਆਦਿ ਕਾਲ ਤੋਂ ਹੀ ਮਨੁੱਖ ਨੂੰ ਸ੍ਰਿਸਟੀ ਰਚਨਾ ਦੀ ਅਰੰਭਤਾ ਵਾਰੇ ਜਾਨਣ ਦੀ ਉਤਸੁਕਤਾ ਰਹੀ ਹੈ।ਪਰ ਇਸ ਰਹੱਸ ਨੂੰ ਅੱਜ ਤਕ ਕੋਈ ਨਹੀ ਜਾਣ ਸਕਿਆ ਅਤੇ ਨਾ ਹੀ ਕੋਈ ਜਾਣ ਸਕੇਗਾ।ਅਸੀਂ ਰਚਨਾ ਦੇ ਆਦਿ ਅੰਤ ਤੋਂ ਅਣਜਾਣ ਹਾਂ। ਗੁਰ ਬਾਣੀ ਅਨੁਸਾਰ ਰਚਨਾ ਇਕ ਬਾਰ ਨਹੀ ਅਨੇਕਾਂ ਵਾਰੀ ਹੋਈ ਹੈ {ਕਈ ਬਾਰ ਪਸਰਿਓ ਪਾਸਾਰ ੨੭੬}, ਪਰ ਹੁਣ ਵਾਲੀ ਰਚਨਾ ਕਦੋਂ ਹੋਈ, ਇਸ ਨੂੰ ਕਰਤਾਰ ਤੋਂ ਬਿਨਾ ਕੋਈ ਨਹੀ ਜਾਣਦਾ {ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ (੪)}। ਵਿਗਿਆਨੀਆਂ ਨੇ ਧਰਤੀ ਦੀ ਪੈਦਾਇਸ਼ ਪੰਜ ਸੌ ਕਰੋੜ ਸਾਲ ਦਸੀ ਹੈ, ਜੋ ਨਿਰਾ ਕਿਆਸ ਹੈ।ਧਰਤੀ ਦੇ ਨੇੜੇ ਸੂਰਜ ਚੰਦ ਹਨ, ਅਣਗਿਣਤ ਗ੍ਰਹਿ ਮੰਡਲ ਧਰਤੀ ਤੋਂ ਏਨੇ ਦੂਰ ਹਨ ਕਿ ਉਨ੍ਹਾਂ ਦੀ ਰੋਸ਼ਨੀ ਸਾਡੇ ਤਕ ਪੁਜਣ ਲਈ ਕਈ ਵਰ੍ਹੇ ਲਗ ਸਕਦੇ ਹਨ।ਕਰਤਾ ਪੁਰਖ ਦੀ ਰਚਨਾ ਨੂੰ ਗੁਰ ਬਾਣੀ ਵਿਚ ਸ੍ਰਿਸਟੀ, ਸਿਰਠੀ, ਸਿਰਠਿ, ਬਣਤ, ਜਗ, ਜਗਤ, ਸੰਸਾਰ, ਕੁਦਰਤ, ਰਚਨਾ, ਦੁਨੀਆਂ, ਮਾਇਆ, ਪਰਪੰਚ, ਬ੍ਰਹਿਮੰਡ, ਪਸਾਉ, ਪਸਾਰਾ, ਉਤਪਤਿ ਆਦਿ ਕਈ ਸ਼ਬਦਾਂ ਰਾਹੀਂ ਦਰਸਾਇਆ ਗਿਆ ਹੈ।ਗੁਰੂ ਅਮਰਦਾਸ ਜੀ ਸੰਸਾਰ ਨੂੰ ਹਰੀ ਦਾ ਰੂਪ ਦਸ ਰਹੇ ਹਨ {ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ (੯੨੨)}।ਪਰ ਸ੍ਰਿਸਟੀ ਨੂੰ ਧੂਏਂ ਦਾ ਪਹਾੜ, ਸੁਪਨਾ ਅਤੇ ਬੱਦਲਾਂ ਦੀ ਛਾਂ ਵੀ ਕਿਹਾ ਹੈ, ਕਿਉਂਕਿ ਇਹ ਸਦਾ ਥਿਰ ਅਤੇ ਅਨਾਦੀ ਨਹੀਂ, ਪ੍ਰੀਵਰਤਨਸ਼ੀਲ ਅਤੇ ਨਾਸ਼ਵੰਤ ਹੈ।ਇਸ ਦਾ ਭਾਵ ਇਹ ਵੀ ਨਹੀ ਕਿ ਸੰਸਾਰ ਅਸਲੋਂ ਹੈ ਹੀ ਨਹੀਂ, ਇਸ ਦਾ ਭਾਵ ਹੈ ਕਿ ਸੰਸਾਰ ਨੂੰ ਸਥਿਰ ਸਮਝ ਕੇ ਜੋ ਅਸੀਂ ਇਸ ਨੂੰ ਸਮਝੀ ਬੈਠੇ ਹਾਂ, ਉਹ ਨਹੀਂ {ਕਰਤਾ ਪੁਰਖ ਨ ਚੇਤਿਓ, ਕੀਤੇ ਨੋ ਕਰਤਾ ਕਰਿ ਜਾਣੈ (ਭਾ. ਗੁ. ੫-੭)}।ਇਹ ਕਰਤੇ ਦੀ ਖੇਡ ਹੈ, ਜਿਸ ਨੂੰ ਸਿਰਜ ਕੇ ਉਹ ਅਨੰਦ ਲੈਂਦਾ ਹੈ।

**ਨਿਰਭਉ** = ਸੰਸਕ੍ਰਿਤ ਦੇ ਨਿਰਭਯ ਦਾ ਪੰਜਾਬੀ ਰੂਪ ਨਿਰਭਉ ਹੈ, 'ਭਉ' ਸ਼ਬਦ ਪ੍ਰਾਕ੍ਰਿਤ ਭਾਸ਼ਾ ਦਾ ਹੈ।ਪੰਜਾਬੀ ਵਿਚ ਭੈ ਅਤੇ ਭਉ ਦੋਵੇਂ ਵਰਤੇ ਮਿਲਦੇ ਹਨ।ਨਿਰਭਉ ਦੇ ਅਰਥ ਹਨ = ਬਿਨਾ ਡਰ ਦੇ (ਡਰ ਰਹਿਤ), ਨਿਡਰ, ਬੇ ਖੌਫ।ਗੁਰਬਾਣੀ ਵਿਚ ਨਿਰਭਉ, ਨਿਰਭੈ, ਨਿਰਭਯ, ਨਿਰਭਵਹ, ਨਿਰਭਏ ਆਦਿ ਕਈ ਰੂਪਾਂ ਵਿਚ ਵਰਤਿਆ ਮਿਲਦਾ ਹੈ, ਪਰ ਸਭ ਦੇ ਅਰਥ ਡਰ ਰਹਿਤ ਹੀ ਹਨ।ਗੁਰੂ ਨਾਨਕ ਦੇਵ ਜੀ ਮੂਲ ਮੰਤਰ ਦੇ ਇਸ ਸ਼ਬਦ ਵਿਚ ਨਿਰੰਕਾਰ ਨੂੰ ਡਰ ਤੋਂ ਮੁਕਤ ਦਸਦੇ ਹਨ {ਏਕੋ ਕਉ ਨਾਹੀ ਭਉ ਕੋਇ (੭੯੬)}।ਡਰ ਤਾਂ ਅਪਣੇ ਤੋਂ ਵਡੇ ਅਤੇ ਤਕੜੇ ਦਾ ਹੁੰਦਾ ਹੈ।ਕਰਤਾਰ ਤੋਂ ਵੱਡਾ ਤੇ ਤਾਕਤਵਰ ਕੋਈ ਨਹੀ ਅਤੇ ਨਾ ਹੀ ਉਸ ਦਾ ਕੋਈ ਸ਼ਰੀਕ ਹੈ {ਤਿਸ ਤੇ ਊਪਰਿ ਨਾਹੀ ਕੋਇ।ਕਉਣੁ ਡਰੈ ਡਰੁ ਕਿਸਕਾ ਹੋਇ।(ਮ. ੩, ੮੪੨)}।ਸਾਰਾ ਜਗਤ ਕਰਤਾਰ ਦਾ ਪੈਦਾ ਕੀਤਾ ਹੋਇਆ ਹੈ, ਕਰਤਾਰ ਨੂੰ ਅਪਣੇ ਪੈਦਾ ਕੀਤੇ ਹੋਏ ਜਗਤ ਤੋਂ ਕੋਈ ਡਰ ਨਹੀ ਹੋ ਸਕਦਾ।ਕੀਤੇ ਹੋਏ ਨੂੰ ਸਗੋਂ ਕਰਨਹਾਰ ਦਾ ਡਰ ਹੁੰਦਾ ਹੈ {ਸਗਲ ਸਮਗ੍ਰੀ ਡਰਹਿ ਬਿਆਪੀ, ਬਿਨੁ ਡਰ ਕਰਣੈਹਾਰਾ (੯੯੯)}।

ਸਾਰੇ ਲੋਕ ਇਕ ਦੂਜੇ ਤੋਂ ਭੈ ਭੀਤ ਹਨ, ਅਜੇਹਾ ਕੋਈ ਵੀ ਪ੍ਰਾਣੀ ਨਹੀ, ਜਿਹੜਾ ਭੈ ਤੋਂ ਮੁਕਤ ਹੋਵੇ।ਬੜੇ ਬੜੇ ਰਾਜੇ ਮਹਾਰਾਜੇ ਜਿਨ੍ਹਾਂ ਦੇ ਇਸ਼ਾਰਿਆਂ ਤੇ ਲੋਕ ਨਚਦੇ ਫਿਰਦੇ ਹਨ, ਉਹ ਵੀ ਅਪਣੇ ਬਲਵਾਨ ਵਿਰੋਧੀ ਤੋਂ ਭੈ ਭੀਤ ਹਨ।ਅਧੁਨਿਕ ਅਤੇ ਖਤਰਨਾਕ

ਹਥਿਆਰਾਂ ਵਾਲੇ ਦੇਸ਼ ਵੀ ਅਪਣੇ ਆਪ ਨੂੰ ਭੈ ਤੋਂ ਮੁਕਤ ਨਹੀਂ ਮੰਨਦੇ, ਜਿਹੜੀ ਚੀਜ ਵਿਨਾਸ਼ਕਾਰੀ ਅਤੇ ਭੈ ਯੁਕਤ ਹੈ, ਉਹ ਦੂਜੇ ਨੂੰ ਕਿਵੇਂ ਭੈ ਮੁਕਤ ਕਰ ਸਕਦੀ ਹੈ? ਦ੍ਰਿਸਟਮਾਨ ਜਗਤ ਦੇ ਸ਼ਹਿਨਸ਼ਾਹਾਂ ਦੀ ਗਲ ਛੱਡੋ, ਦੇਵਤਿਆਂ ਦਾ ਰਾਜਾ ਇੰਦ੍ਰ, ਪ੍ਰਜਾ ਪਤੀ, ਰੁਦਰ ,ਬ੍ਰਹਮਾ, ਵਿਸ਼ਨੂੰ ਸਾਰੇ ਅਪਣੇ ਵਿਰੋਧੀਆਂ ਤੋਂ ਦਿਨ ਰਾਤ ਡਰੇ ਰਹਿੰਦੇ ਸਨ।ਹਰਨਾਕਸ਼, ਰਾਵਣ, ਮੇਘਨਾਦ, ਜਰਾਸੰਧ ਅਤੇ ਔਰੰਗਜੇਬ ਵਰਗਿਆਂ ਨੇ ਅਪਣੇ ਬਲ ਨਾਲ ਦੁਨੀਆਂ ਨੂੰ ਦਬਾਇਆ, ਝੁਕਾਇਆ, ਡਰਾਇਆ, ਧਮਕਾਇਆ ਅਤੇ ਹੋਰ ਬਹੁਤ ਜੁਲਮ ਕੀਤੇ, ਉਹ ਸਾਰੇ ਮੌਤ ਅੱਗੇ ਹਾਰ ਗਏ।ਅਜ ਦੇ ਰਾਜਸੀ ਲੋਕਾਂ ਵਿਚ ਵੀ ਡਰ ਦਾ ਤੌਖਲਾ ਕੋਈ ਘਟ ਨਹੀ, ਰਾਜਸੀ ਤਾਕਤਾਂ ਸਦਾ ਜੰਗਲੀ ਜਾਨਵਰਾਂ ਦੀ ਨਿਆਂਈ ਦੂਜਿਆਂ ਦਾ ਸ਼ਿਕਾਰ ਅਤੇ ਆਹਾਰ ਕਰਨ ਵਿਚ ਲੱਗੀਆਂ ਰਹਿੰਦੀਆਂ ਹਨ।ਇਨ੍ਹਾਂ ਦੇ ਸਮਝੌਤੇ ਅਤੇ ਦੋਸਤੀਆਂ ਫਰਜੀ ਅਤੇ ਵਕਤੀ ਸੌਦੇ ਹੁੰਦੇ ਹਨ, ਜਿਨ੍ਹਾਂ ਦਾ ਆਧਾਰ ਸਿਰਫ ਆਪਸੀ ਮਤਲਬ, ਲੋੜਾਂ ਅਤੇ ਮਜਬੂਰੀਆਂ ਹਨ।ਪਰ ਅੰਦਰੋਂ ਇਕ ਦੂਜੇ ਪ੍ਰਤੀ ਬੇ ਵਿਸ਼ਵਾਸੀ ਅਤੇ ਡਰ ਬਣਿਆ ਰਹਿੰਦਾ ਹੈ।ਅਜ ਸੰਸਾਰ ਜੁੱਧ ਤੋਂ ਸਾਰੀ ਦੁਨੀਆਂ ਦੀਆਂ ਸਰਕਾਰਾਂ ਡਰਦੀਆਂ ਹਨ, ਕਿਉਂਕਿ ਪਹਿਲਾਂ ਹੋ ਚੁੱਕੇ ਜੁੱਧਾਂ ਦੀ ਤਬਾਹੀ ਲੋਕਾਂ ਨੇ ਦੇਖ ਲਈ ਹੈ।ਜੇ ਅਜ ਇਸ ਤਰ੍ਹਾਂ ਦੇ ਜੁੱਧ ਹੁੰਦੇ ਹਨ ਤਾਂ ਦੁਨੀਆਂ ਤੋਂ ਮਨੁੱਖਤਾ ਦਾ ਬੀਜ ਖਤਮ ਹੋ ਜਾਵੇਗਾ।ਦਾਰਸ਼ਨਿਕਾਂ ਨੇ ਹੌਸਲਾ ਅਤੇ ਬੀਰਤਾ ਨੂੰ ਵੀ ਨਿਰਭਉ ਵਾਲੀ ਅਵਸਥਾ ਨਹੀ ਮੰਨਿਆ, ਕਿਉਂਕਿ ਬਹੁਤ ਸਾਰੇ ਮਹਾਨ ਜਰਨੈਲ ਕੰਬਦੇ ਹੱਥਾਂ ਅਤੇ ਧੜਕਦੇ ਦਿਲਾਂ ਨਾਲ ਲੜਾਈ ਵਿਚ ਜਾਂਦੇ ਦੇਖੇ ਗਏ ਹਨ।ਜੀਵ ਬਹੁਤ ਜੂਨਾਂ ਵਿਚ ਜਨਮਿਆ ਅਤੇ ਮਰਿਆ ਹੈ, ਇਸ ਕਰਕੇ ਡਰ ਇਸ ਦੇ ਮਨ ਵਿਚ ਘਰ ਕਰੀ ਬੈਠਾ ਹੈ, ਸਭ ਤੋਂ ਜਿਆਦਾ ਡਰ ਜੀਵ ਨੂੰ ਮੌਤ ਦਾ ਹੈ।ਕਰਤਾਰ ਦੇ ਪੈਦਾ ਕੀਤੇ ਹੋਏ ਬ੍ਰਹਮਾ ਬਿਸ਼ਨ ਮਹੇਸ਼, ਦੇਵੀ ਦੇਵਤੇ, ਅਵਤਾਰ ਅਤੇ ਹੋਰ ਸਾਰੇ ਜੀਵ ਜੰਤ ਨਿਰੰਕਾਰ ਦੇ ਡਰ ਵਿਚ ਹਨ।ਗੁਰੂ ਨਾਨਕ ਦੇਵ ਜੀ ਹੇਠ ਲਿਖੇ ਸਲੋਕ ਵਿਚ ਦਸਦੇ ਹਨ ਕਿ ਸਾਰੀ ਰਚਨਾ ਨਿਰੰਕਾਰ ਦੇ ਡਰ ਵਿਚ ਹੈ = ਭੈ ਵਿਚਿ ਪਵਣੁ ਵਹੈ ਸਦ ਵਾਉ।...ਭੈ ਵਿਚਿ ਇੰਦੁ ਫਿਰੈ ਸਿਰ ਭਾਰਿ।ਭੈ ਵਿਚਿ ਰਾਜਾ ਧਰਮ ਦੁਆਰੁ।ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।...ਸਗਲਿਆ ਭਉ ਲਿਖਿਆ ਸਿਰਿ ਲੇਖੁ।ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।(੪੬੪)।

ਭੈ ਮਹਿ ਰਚਿਓ ਸਭੁ ਸੰਸਾਰਾ।ਤਿਸੁ ਭਉ ਨਾਹੀ, ਜਿਸੁ ਨਾਮ ਅਧਾਰਾ।ਭਉ ਨ ਵਿਆਪੈ ਤੇਰੀ ਸਰਣਾ (੧੯੨)।

ਭਾਵੇਂ ਮਨੁੱਖ ਕਰਤਾਰ ਦੀ ਅੰਸ ਹੈ ਅਤੇ ਕਰਤਾਰ ਨਾਲ ਨਿਕਟਵਰਤੀ ਸਬੰਧ ਹੈ, ਫਿਰ ਵੀ ਮਨੁੱਖ ਦੇ ਅੰਦਰ ਕਿਸੇ ਨਾ ਕਿਸੇ ਤਰ੍ਹਾਂ ਦਾ ਡਰ ਬਣਿਆ ਰਹਿੰਦਾ ਹੈ।ਕਿਉਂਕਿ ਸਮਾਜ ਅਤੇ ਰਾਜਨੀਤੀ ਵਿਚ ਹੈਂਕੜ, ਕੂੜ ਦਾ ਪਸਾਰਾ ਅਤੇ ਸੱਚ ਦੀ ਅਣਹੋਂਦ ਹੈ, ਇਸੇ ਕਾਰਣ ਲੋਕਾਂ ਵਿਚ ਵੈਰ ਵਿਰੋਧ, ਭਿੰਨ ਭੇਦ, ਵਾਦ ਵਿਵਾਦ ਅਤੇ ਝਗੜੇ ਆਦਿ ਰਹਿੰਦੇ ਹਨ।ਡਰ ਦਾ ਸਬੰਧ ਜੀਵਨ ਦੀਆਂ ਸਾਰੀਆਂ ਅਵਸਥਾਵਾਂ ਨਾਲ ਹੈ, ਬਚਿਆਂ ਨੂੰ ਸ਼ੋਰ ਸ਼ਰਾਬੇ ਤੋਂ ਡਰ, ਡਿਗਣ ਤੋਂ ਡਰ, ਚੂਹਿਆਂ ਤੇ ਬਿਲੀਆਂ ਜਾਂ ਹੋਰ ਜਾਨਵਰਾਂ ਤੋਂ ਡਰ, ਜਹਾਜ ਜਾਂ ਓਪਰੀਆਂ ਚੀਜਾਂ ਤੋਂ ਡਰ ਲਗਦਾ ਹੈ।ਜੁਆਨੀ ਵਿਚ ਸਮਾਜਿਕ ਸਬੰਧਾਂ, ਵਿਆਹ, ਬੇ ਰੁਜਗਾਰੀ ਅਤੇ ਮਿਤ੍ਰਾਂ ਨਾਲ ਆਪਸੀ ਸਬੰਧ ਖਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ।ਬਡੇਰੀ ਉਮਰ ਵਿਚ ਡਰ ਆਤਮ ਨਿਰਭਰਤਾ, ਕਾਮਯਾਬੀ, ਪ੍ਰਵਾਰ ਦੀ ਪਾਲਣਾ ਅਤੇ ਸੰਭਾਲ, ਨਕਾਰਾਪਣ ਅਤੇ ਮੌਤ ਬਾਰੇ ਹੁੰਦੇ ਹਨ।ਇਸਤ੍ਰੀਆਂ ਵਿਚ ਡਰ ਅਪਣੀ ਇੱਜਤ, ਘਰ ਵਿਚ ਪਦਾਰਥਾਂ ਆਦਿ ਦੀ ਅਣਹੋਂਦ ਅਤੇ ਪਤੀ ਬਾਰੇ ਹੁੰਦੇ ਹਨ।ਜਾਨਵਰਾਂ, ਪਸ਼ੂਆਂ ਅਤੇ ਪੰਛੀਆਂ ਵਿਚ ਵੀ ਅਪਣਿਆਂ ਤੋਂ ਤਕੜਿਆਂ ਦਾ ਡਰ ਸਦਾ ਹੀ ਰਹਿੰਦਾ ਹੈ, ਕਿਉਂਕਿ ਮਾੜੇ ਨੂੰ ਤਕੜਾ ਸਦਾ ਹੀ ਖਾਂਦਾ ਅਤੇ ਧਮਕਾਉਂਦਾ ਆਇਆ ਹੈ।ਬਹੁਤੇ ਡਰ ਸਮਾਜ ਵਿਚ ਵਾਪਰੀਆਂ ਘਟਨਾਵਾਂ, ਵਹਿਮਾਂ ਭਰਮਾਂ, ਨਿਜੀ ਗਲਤ ਅਨੁਮਾਨਾਂ ਜਾਂ ਅਨੁਭਵਾਂ, ਕਰਮ ਕਾਂਡੀ ਵਿਸ਼ਵਾਸਾਂ ਅਤੇ ਸੁਪਨਿਆਂ ਵਿਚ ਦਿਸੀਆਂ ਘਟਨਾਵਾਂ ਦੀ ਦੇਣ ਹਨ। ਅਫਰੀਕਾ, ਭਾਰਤ, ਅਰਬ, ਚੀਨ ਅਤੇ ਵਿਕਸਿਤ ਦੇਸਾਂ ਵਿਚ ਵੀ ਬਹੁਤ ਸਾਰੇ ਲੋਕ ਕੁਦਰਤੀ ਸ਼ਕਤੀਆਂ ਚੰਦ, ਸੂਰਜ, ਤਾਰੇ, ਗ੍ਰਹਿ ਆਦਿਂ ਜਾਂ ਜੜ੍ਹ ਵਸਤੂਆਂ ਵਿਚ ਗੈਬੀ ਤਾਕਤ ਮੰਨ ਕੇ ਉਨ੍ਹਾਂ ਤੋਂ ਦੁਖ ਅਤੇ ਡਰ ਦੂਰ ਕਰਨ, ਸੁਖ ਅਤੇ ਸੁਰੱਖਿਆ ਦੀ ਦਾਤ ਮੰਗਦੇ ਹਨ।ਕਈ ਲੋਕ ਧਾਗੇ, ਤਵੀਤਾਂ, ਜਾਦੂ ਟੂਣਿਆਂ, ਮੰਤਰਾਂ ਜੰਤਰਾਂ, ਕੀਮਤੀ ਪੱਥਰਾਂ (ਹੀਰਾ, ਮੂੰਗਾ, ਨੀਲਮ, ਪੁਖਰਾਜ ਆਦਿ) ਘੋਗਿਆਂ, ਸੱਪਾਂ ਵਿਚ ਗੈਬੀ ਸ਼ਕਤੀ ਮੰਨ ਕੇ ਅਪਣੇ ਦੁਖ ਦਰਦ ਦੂਰ ਅਤੇ ਸੁਖ ਸ਼ਾਂਤੀ ਪ੍ਰਾਪਤ ਕਰਨਾ ਚਾਹੁੰਦੇ ਹਨ।ਵਿਗਿਆਨ ਦੀ ਤਰੱਕੀ ਅਤੇ ਵਿਦਿਆ ਕਰਕੇ ਬੇਸ਼ਕ ਜਾਦੂ ਟੂਣੇ ਅਤੇ ਵਹਿਮ ਭਰਮ ਘਟ ਗਏ ਹਨ, ਪਰ ਮਨੁੱਖ ਦੀ ਤਰਕਸ਼ੀਲ ਅਕਲ ਅਤੇ ਬਨਾਵਟੀ ਜੀਵਨ ਨੇ ਨਵੀ ਕਿਸਮ ਦੇ ਡਰ ਅਤੇ ਫਿਕਰ ਪੈਦਾ ਕਰ ਦਿਤੇ ਹਨ।ਸੰਸਾਰ ਵਿਚ ਵਾਪਰਦੀਆਂ ਦੁਖਦਾਈ ਘਟਨਾਵਾਂ ਟੀ ਵੀ ਜਾਂ ਇੰਟਰਨੈਟ ਤੇ ਜਦ ਅਸੀਂ ਦੇਖਦੇ ਹਾਂ, ਤਾਂ ਸਾਡੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ।ਇਹ ਘਟਨਾਵਾਂ ਨਵੇਂ ਡਰ ਅਤੇ ਫਿਕਰ ਪੈਦਾ ਕਰਦੀਆਂ ਹਨ।ਚਿੰਤਾ ਵੀ ਡਰ ਨੂੰ ਪੈਦਾ ਕਰਦੀ ਹੈ, ਜੋ ਅੱਜ ਦੇ ਸਮਾਜ ਦਾ ਭਿਆਨਕ ਰੋਗ ਬਣ ਗਿਆ ਹੈ।

ਉਪਰਲੀ ਵਿਚਾਰ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਡਰ ਦੋ ਪ੍ਰਕਾਰ ਦਾ ਹੈ, ਪਹਿਲਾ ਡਰ ਉਹ ਹੈ, ਜੋ ਅਪਣੇ ਨਾਲੋਂ ਤਕੜਿਆਂ ਤੋਂ ਲਗਦਾ ਹੈ ਅਤੇ ਇਹ ਡਰ ਮਨ ਨੂੰ ਕਮਜੋਰ ਕਰਦਾ ਹੈ।ਦੂਜਾ ਨਿਰਮਲ ਭਉ ਵਾਹਿਗੁਰੂ ਦਾ ਹੈ, ਜੋ ਪਹਿਲੇ ਡਰ ਨੂੰ ਦੂਰ ਕਰਦਾ ਹੈ ਅਤੇ ਨਿਰਭਉ ਬਣਾ ਦੇਂਦਾ ਹੈ।ਇਸ ਨਿਰਮਲ ਭੈ ਤੋਂ ਬਿਨਾ ਜੋ ਲੋਕ ਜਿਉਂਦੇ ਹਨ, ਉਨ੍ਹਾਂ ਪ੍ਰਤੀ ਗੁਰੂ ਅਮਰਦਾਸ ਜੀ

ਆਖਦੇ ਹਨ =

ਭੈ ਵਿਣੁ ਜੀਵੈ ਬਹੁਤੁ ਬਹੁਤੁ, ਖੁਸੀਆ ਖੁਸੀ ਕਮਾਇ। ਨਾਨਕ ਭੈ ਵਿਣੁ ਜੇ ਮਰੈ, ਮੁਹਿ ਕਾਲੈ ਉਠਿ ਜਾਇ।(੧੪੯)।

ਪਰ ਜਿਹੜੇ ਲੋਕ ਰੱਬ ਦੇ ਭੈ ਵਿਚ ਜਿਉਂਦੇ ਹਨ, ਉਨ੍ਹਾ ਪ੍ਰਤੀ ਗੁਰੂ ਅਮਰਦਾਸ ਜੀ ਆਖਦੇ ਹਨ =

ਭੈ ਵਿਚਿ ਜੰਮੈ ਭੈ ਮਰੈ, ਭੀ ਭਉ ਮਨ ਮਹਿ ਹੋਇ। ਨਾਨਕ ਭੈ ਵਿਚਿ ਜੇ ਮਰੈ, ਸਹਿਲਾ ਆਇਆ ਸੋਇ।(੧੪੯)।

ਦੁਨਿਆਵੀ ਭੈ ਮੱਤ ਨੂੰ ਮੈਲੀ ਕਰਦਾ ਹੈ, ਜਿਵੇਂ ਅੱਗ ਦਾ ਤਾਉ ਧਾਤ ਨੂੰ ਸ਼ੁੱਧ ਕਰਦਾ ਹੈ, ਤਿਵੇਂ ਰੱਬ ਦਾ ਭੈ ਦੁਰਮਤਿ ਦੀ ਮੈਲ ਨੂੰ ਦੂਰ ਕਰਕੇ ਸ਼ੁੱਧ ਕਰਦਾ ਹੈ = ਜਿਉ ਬੈਸੰਤਰਿ ਧਾਤੁ ਸੁਧੁ ਹੋਇ, ਤਿਉ ਹਰਿ ਕਾ ਭਉ, ਦੁਰਮਤਿ ਮੈਲੁ ਗਵਾਇ।(੯੪੯)।

ਨਿਰਭਉ ਵਾਲੀ ਅਵਸਥਾ ਦੇ ਪ੍ਰਤੱਖ ਚਿੰਨ੍ਹ ਤੱਤੀ ਤਵੀ ਤੇ ਬੈਠੇ ਗੁਰੂ ਅਰਜਨ ਦੇਵ ਜੀ ਵਿਚ, ਚਾਂਦਨੀ ਚੌਕ ਵਿਚ ਸ਼ਹੀਦ ਹੁੰਦੇ ਗੁਰੂ ਤੇਗ ਬਹਾਦਰ ਸਾਹਿਬ ਵਿਚ, ਆਰੇ ਨਾਲ ਚੀਰੇ ਜਾਂਦੇ ਭਾਈ ਮਤੀ ਦਾਸ ਵਿਚ, ਦੇਗ ਵਿਚ ਉਬਲਦੇ ਭਾਈ ਦਿਆਲੇ ਵਿਚ, ਬੰਦ ਬੰਦ ਕਟਾਉਂਦੇ ਭਾਈ ਮਨੀ ਸਿੰਘ ਜੀ ਵਿਚ ਦੇਖੇ ਜਾ ਸਕਦੇ ਹਨ।

ਡਰ ਤੋਂ ਉਪਜੇ ਪ੍ਰਭਾਵ = ਡਰ ਨਾਲ ਕਈ ਮਾਨਸਿਕ ਰੋਗ ਪੈਦਾ ਹੁੰਦੇ ਹਨ, ਜਿਨ੍ਹਾਂ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ।

੧. ਕਈ ਬਾਰ ਡਰ ਦੇ ਕਾਰਣ ਜੀਵ ਕੰਬਣ ਲਗਦਾ ਹੈ, ਅਤੇ ਦਿਲ ਫੇਲ ਹੋ ਜਾਂਦਾ ਹੈ।

੨. ਡਰ ਨਾਲ ਖੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ ਅਤੇ ਸਰੀਰ ਦਾ ਤਾਪਮਾਨ ਘਟ ਜਾਂਦਾ ਹੈ।

੩. ਡਰ ਦਾ ਸਾਹ ਪ੍ਰਣਾਲੀ ਤੇ ਬਹੁਤ ਬੁਰਾ ਅਸਰ ਪੈਂਦਾ ਹੈ ਅਤੇ ਦਿਲ, ਦਿਮਾਗ, ਮੇਹਦੇ, ਜਿਗਰ ਆਦਿ ਲਈ ਵੀ ਹਾਨੀਕਾਰਕ ਹੈ।

੪. ਡਰ ਨਾਲ ਸਰੀਰ ਦੇ ਵਾਲ ਖੜ੍ਹੇ ਹੋ ਜਾਂਦੇ ਹਨ, ਸਿਰ ਦੇ ਵਾਲ ਛੇਤੀ ਚਿੱਟੇ ਹੁੰਦੇ ਹਨ ਅਤੇ ਝੜਨ ਲਗ ਜਾਂਦੇ ਹਨ।

੫. ਡਰ ਅਤੇ ਚਿੰਤਾ ਤੋਂ ਪੈਦਾ ਹੋਏ ਤਣਾਓ ਨੇ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਵਿਚ ਵਾਧਾ ਕੀਤਾ ਹੈ ਅਤੇ ਮਨੁੱਖ ਦੀ ਸੋਚ ਪ੍ਰਨਾਲੀ ਵਿਚ ਬਿਘਨ ਪੈਂਦਾ ਹੈ। ਡਰਾਕਲ ਮਨੁੱਖ ਚੰਗਾ ਸਮਾਜ ਨਹੀ ਉਸਾਰ ਸਕਦਾ। ਬਹੁਤ ਸਾਰੇ ਡਰ ਮਨੁੱਖ ਦੇ ਮਨ ਦੀ ਘਾੜਤ ਹਨ, ਗੁਰੂ ਨਾਨਕ ਸਾਹਿਬ ਨੇ ਡਰ ਨੂੰ ਮਨ ਦਾ ਸ਼ੋਰ ਕਿਹਾ ਹੈ {ਡਰੀਐ ਜੇ ਡਰੁ ਹੋਵੈ ਹੋਰੁ। ਡਰਿ ਡਰਿ ਡਰਣਾ ਮਨ ਕਾ ਸੋਰੁ ੧੫੧}।

ਡਰ ਦੇ ਸੋਮੇ = ਸਾਰੇ ਡਰਾਂ ਦਾ ਮੂਲ ਸੋਮਾ ਮਨ ਹੈ। ਮਨੁੱਖ ਦੇ ਜਿਆਦਾ ਤਰ ਜਤਨ ਸੁਖਾਂ ਦੀ ਪ੍ਰਾਪਤੀ ਅਤੇ ਦੁਖਾਂ ਨੂੰ ਦੂਰ ਕਰਨ ਦੇ ਹਨ ਅਤੇ ਵਧੇਰੇ ਕਰਕੇ ਸੁੱਖ ਨਾ ਮਿਲਣ ਦੀ ਭਾਵਨਾ ਅਤੇ ਦੁਖਾਂ ਦੇ ਵਾਪਰਨ ਦੀ ਚਿੰਤਾ ਤੋਂ ਡਰ ਪੈਦਾ ਹੁੰਦਾ ਹੈ। ਜਨਮ ਮਰਨ ਦਾ ਦੁੱਖ ਹੈ, ਬੁਢੇਪੇ ਦਾ ਦੁੱਖ ਹੈ, ਬਿਮਾਰੀ ਦਾ ਦੁਖ ਹੈ, ਮਨ ਪਸੰਦ ਚੀਜਾਂ ਦੇ ਨਾ ਮਿਲਣ ਦਾ ਦੁੱਖ ਹੈ, ਨਾ ਪਸੰਦ ਚੀਜਾਂ ਦੇ ਮਿਲਣ ਦਾ ਦੁਖ ਹੈ, ਇਹ ਸਾਰੇ ਦੁਖ ਡਰ ਦਾ ਸੋਮਾ ਹਨ। ਗੁਰਬਾਣੀ ਅਨੁਸਾਰ ਡਰ ਦਾ ਮੂਲ ਕਾਰਣ ਵਾਹਿਗੁਰੂ ਤੋਂ ਬੇਮੁਖ ਹੋਣ ਕਰਕੇ ਹੈ, ਜੇ ਮਨੁਖ ਨਿਰਭਉ ਨਿਰੰਕਾਰ ਨੂੰ ਜਪੇ ਤਾਂ ਡਰ ਮਿਟ ਜਾਂਦਾ ਹੈ {ਨਿਰਭਉ ਜਪੈ ਸਗਲ ਭਉ ਮਿਟੈ ੨੯੩ ; ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ, ਤਿਨ ਕਾ ਭਉ ਸਭੁ ਗਵਾਸੀ ੧੧}। ਕਰਤਾਰ ਦਾ ਭੈ ਬੁਰੇ ਕਰਮਾਂ ਤੋਂ ਬਚਾਉਂਦਾ ਹੈ, ਮਨੁੱਖ ਚੰਗੇ ਕਰਮ ਕਰਦਾ ਹੈ, ਇਸ ਨਾਲ ਨਿਰੰਕਾਰ ਨਾਲ ਪ੍ਰੇਮ ਵਧਦਾ ਹੈ {ਨਾਨਕ ਜਿਨ ਮਨਿ ਭਉ ,ਤਿਨਾ ਮਨਿ ਭਾਉ (੪੬੫)}। ਨਿਰਭੈ ਪ੍ਰਮਾਤਮਾ ਅਪਣੇ ਸੇਵਕ ਨੂੰ ਵੀ ਨਿਰਭੈ ਕਰ ਦੇਂਦਾ ਹੈ {ਜੈਸਾ ਸੇਵੈ ਤੈਸੋ ਹੋਇ ੨੨੪}। ਭੈ ਮਨੁੱਖ ਨੂੰ ਪ੍ਰਮਾਤਮਾ ਦੇ ਨੇੜੇ ਲੈ ਆਉਂਦਾ ਹੈ ਅਤੇ ਸਿਮਰਨ ਦਾ ਉਦਮ ਦੇਂਦਾ ਹੈ {ਭੈ ਤੇ ਉਪਜੈ ਭਗਤਿ ਪ੍ਰਭ, ਅੰਤਰਿ ਹੋਇ ਸਾਂਤਿ (੮੧੪)}। ਅੰਤ ਸਿਮਰਨ ਵਾਲੇ ਦੀ ਅਵਸਥਾ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਵਾਲੀ ਬਣ ਜਾਂਦੀ ਹੈ।

ਮੌਤ ਦਾ ਡਰ = ਲੰਬਾ ਸਮਾਂ ਜਿਉਣ ਦੀ ਮਨੁੱਖ ਦੀ ਇੱਛਾ ਬਣੀ ਰਹਿੰਦੀ ਹੈ, ਕੋਈ ਵੀ ਮਰਨਾ ਨਹੀਂ ਚਾਹੁੰਦਾ {ਮਰਣੈ ਤੇ ਜਗਤੁ ਡਰੈ, ਜੀਵਿਆ ਲੋੜੈ ਸਭੁ ਕੋਇ (੫੫੫)}। ਮਰਨ ਦਾ ਨਾਂ ਸੁਣ ਕੇ ਮਨੁੱਖ ਡਰ ਨਾਲ ਕੰਬ ਜਾਂਦਾ ਹੈ। ਮਨੁੱਖ ਅਪਣੇ ਸਰੀਰ, ਨਿਜੀ ਹੋਂਦ, ਉਲਾਦ, ਘਰ, ਮਾਇਆ ਆਦਿ ਨੂੰ ਬਹੁਤ ਪਿਆਰ ਕਰਦਾ ਹੈ, ਇਨ੍ਹਾਂ ਨੂੰ ਛਡਣਾ ਨਹੀ ਚਾਹੁੰਦਾ, ਮਨੁੱਖ ਦੀ ਕੋਸ਼ਿਸ ਰਹਿੰਦੀ ਹੈ ਕਿ ਕਿਸੇ ਨਾ ਕਿਸ ਤਰ੍ਹਾਂ ਉਸ ਦੀ ਹੋਂਦ ਕਾਇਮ ਰਹੇ। ਮੌਤ ਅਟੱਲ ਕੁਦਰਤੀ ਨਿਯਮ ਹੈ, ਜੋ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾ ਸਕਦਾ। ਜਿਉਂਦੇ ਰਹਿਣ ਦੀ ਲਾਲਸਾ ਕਾਰਣ ਮਨੁਖ ਚੋਰੀਆਂ, ਚੰਗੇ ਮਾੜੇ ਕੰਮ ਕਰਦਾ ਹੈ, ਮਨੁੱਖ ਮਨੁੱਖ ਦਾ ਗੁਲਾਮ ਬਣਦਾ ਹੈ, ਮੰਡੀਆਂ ਵਿਚ ਵਿਕਦਾ ਹੈ, ਵਿਭਚਾਰ ਦੇ ਧੰਧੇ ਕਰਦਾ ਹੈ, ਦੂਜਿਆਂ ਤੇ ਜੁਲਮ ਕਰਦਾ ਹੈ, ਪਰਾਇਆ ਹੱਕ ਮਾਰਦਾ ਹੈ। ਪਸ਼ੂ ਵੀ ਅਪਣੇ ਜੀਵਨ ਨੂੰ ਕਾਇਮ ਰੱਖਣ ਲਈ ਮਨੁੱਖ ਦੀ ਹਰ ਤਰ੍ਹਾਂ ਦੀ ਗੁਲਾਮੀ ਕਰਦੇ ਹਨ। ਇਸ ਤੋਂ ਸਪੱਸਟ ਹੁੰਦਾ ਹੈ ਕਿ ਡਰ ਇਕ ਦੈਵੀ ਹੁਕਮ ਹੈ, ਨਿਰੰਕਾਰ ਦੀ ਸਾਰੀ ਰਚਨਾ ਡਰ ਅਧੀਨ ਚਲਦੀ ਹੈ, ਜੋ ਕਿ ਇਕ ਡਿਸਿਪਲਨ ਹੈ। ਚੰਦ ਸੂਰਜ ਤਾਰੇ ਪੌਣ ਪਾਣੀ ਸਾਰੇ ਰੱਬੀ ਭੈ ਦੇ ਦੈਵੀ ਨਿਯਮ ਦੇ ਕਾਰਣ ਆਪ ਮੁਹਾਰੇ ਨਹੀਂ ਚਲਦੇ। ਸਾਰੀ ਰਚਨਾ ਕਾਲ ਦੀ ਸੀਮਾ ਵਿਚ ਹੈ, ਸਭ ਨੇ ਅਪਣੇ ਸਮੇਂ ਅਨੁਸਾਰ ਨਾਸ ਹੋ ਜਾਣਾ ਹੈ। ਕੇਵਲ ਨਿਰੰਕਾਰ ਅਬਿਨਾਸੀ ਅਤੇ ਡਰ ਤੋਂ ਮੁਕਤ ਹੈ। ਸਾਰੇ ਕਿਸਮਾਂ ਦੇ ਡਰ ਨਾਲੋਂ ਮੂਲ ਅਤੇ ਭਿਆਨਕ ਡਰ ਮੌਤ ਦਾ ਹੈ। ਮੌਤ ਦੇ ਡਰ ਤੋਂ ਬਚਣ ਲਈ ਨਿਰੰਕਾਰ ਦੀ ਰਚਨਾ ਅਤੇ ਉਸ ਦੇ ਹੁਕਮ ਨੂੰ ਸਮਝਣਾ ਬਹੁਤ ਜਰੂਰੀ ਹੈ। ਜੀਵਨ ਅਤੇ ਮੌਤ, ਵਿਕਾਸ

ਅਤੇ ਵਿਨਾਸ਼ ਨਿਰੰਕਾਰ ਦੀ ਇਕ ਖੇਡ ਹੈ।ਜੀਵ ਹੁਕਮ ਵਿਚ ਹੀ ਜਨਮਦਾ ਹੈ ਅਤੇ ਮਰਣਾ ਨਾਲ ਲਿਖਾ ਕੇ ਆਉਂਦਾ ਹੈ {ਮਰਣੁ ਲਿਖਾਇ ਮੰਡਲ ਮਹਿ ਆਏ ੬੮੬}।ਮਨੁੱਖ ਨੂੰ ਅਪਣੀ ਹਸਤੀ ਮਿਟ ਜਾਣ ਦਾ ਡਰ ਨਿਰਮੂਲ ਹੈ, ਹਸਤੀ ਸਰੀਰ ਨਹੀ, ਆਤਮਾ ਹੈ। ਨਾਸ਼ ਸਰੀਰ ਦਾ ਹੁੰਦਾ ਹੈ ਆਤਮਾ ਦਾ ਨਹੀਂ, ਆਤਮਾ ਅਮਰ ਹੈ।ਗੁਰਬਾਣੀ ਦਾ ਵਾਕ ਹੈ = ਡਰਿ ਡਰਿ ਮਰਤੇ ਜਬ ਜਾਨੀਐ ਦੂਰਿ। ਡਰ ਚੂਕਾ ਦੇਖਿਆ ਭਰਪੂਰਿ (੧੮੬)।ਭਾਵ ਡਰ ਉਤਨਾ ਚਿਰ ਹੀ ਹੈ ਜਿੰਨਾ ਚਿਰ ਰੱਬ ਨੂੰ ਦੂਰ ਸਮਝਿਆ ਜਾਂਦਾ ਹੈ।

**ਨਿਰਵੈਰੁ** = ਨਿਰਵੈਰ ਦੇ ਅਰਥ ਹਨ = ਵੈਰ (ਦੁਸ਼ਮਣੀ) ਤੋਂ ਰਹਿਤ, ਦ੍ਵੈਸ਼ ਬਿਨਾ ਕਰਤਾਰ।ਭਾਈ ਵੀਰ ਸਿੰਘ ਜੀ ਲਿਖਦੇ ਹਨ, ਜਗਤ ਦੇ ਅਨੇਕ ਮੱਤਾਂ ਵਿਚ ਦੇਵੀ ਦੇਵਤਿਆਂ ਨੂੰ ਰੱਬ ਕਰਕੇ ਮੰਨਿਆ ਹੈ, ਉਨ੍ਹਾਂ ਵਿਚ ਵਡੱਪਣ ਦੇ ਕਈ ਗੁਣ ਹੁੰਦਿਆਂ ਵੀ ਛੋਟਿਆਂ ਨਾਲ ਗੁੱਸਾ, ਬਰਾਬਰ ਦਿਆਂ ਨਾਲ ਈਰਖਾ ਤੇ ਵੈਰ ਅਤੇ ਵੱਡਿਆਂ ਤੋਂ ਭੈ ਵਿਆਪਦਾ ਰਿਹਾ।ਪ੍ਰਮਾਤਮਾ ਦੇ ਬਰਾਬਰ ਦੀ ਕੋਈ ਹਸਤੀ ਨਹੀਂ {ਤਿਸ ਕਾ ਸਰੀਕੁ ਕੋ ਨਹੀ, ਨਾ ਕੋ ਕੰਟਕੁ ਵੈਰਾਈ ੫੯੨}, ਉਹ ਕਿਸੇ ਦੇ ਅਧੀਨ ਨਹੀ, ਸੁਤੰਤਰ ਹੈ, ਉਸ ਨੂੰ ਕਿਸੇ ਤੋਂ ਨਾ ਭੈ ਹੈ ਅਤੇ ਨਾ ਹੀ ਕਿਸੇ ਨਾਲ ਵੈਰ ਹੈ।{ਨਿਰਭਉ ਨਿਰੰਕਾਰੁ ਨਿਰਵੈਰੁ, ਪੂਰਨ ਜੋਤਿ ਸਮਾਈ ੫੯੬}।'ਨਿਰਵੈਰ' ਦਾ 'ਨਿਰਭਉ' ਨਾਲ ਨੇੜੇ ਦਾ ਸਬੰਧ ਹੈ, ਜੇ ਭਉ ਨਹੀ ਤਾਂ ਵੈਰ ਨਹੀ ਹੁੰਦਾ, ਇਸੇ ਤਰ੍ਹਾਂ ਜੇ ਵੈਰ ਨਹੀ ਤਾਂ ਭਉ ਵੀ ਨਹੀ ਹੋ ਸਕਦਾ।ਵੈਰ ਵਿਚ ਈਰਖਾ, ਘਿਰਣਾ, ਦੁਸ਼ਮਣੀ, ਬਦਲੇ ਅਤੇ ਨਫਰਤ ਦੀ ਭਾਵਨਾ ਵੀ ਸ਼ਾਮਲ ਹੈ।ਡਾ. ਸ਼ੇਰ ਸਿੰਘ ਜਪੁ ਜੀ ਦਰਸ਼ਨ ਵਿਚ ਲਿਖਦੇ ਹਨ = ਛੋਟਾ ਜਿਹਾ ਬਾਲ ਜਦੋਂ ਜਨਮ ਲੈਂਦਾ ਹੈ, ਤਾਂ ਉਸ ਨੂੰ ਭਾਵੇਂ ਹੋਰ ਗਿਆਨ ਹੋਵੇ ਜਾਂ ਨਾ ਹੋਵੇ, ਪਰ ਉਸ ਵਿਚ ਦੋ ਮਾਨਸਿਕ ਪ੍ਰਵਿਰਤੀਆਂ ਜਰੂਰ ਮੌਜੂਦ ਹੁੰਦੀਆਂ ਹਨ।ਇਕ ਡਰ ਦੀ ਅਤੇ ਦੂਜੇ ਕ੍ਰੋਧ ਜਾਂ ਵੈਰ ਦੀ।ਜੇ ਕੋਈ ਉਚਾ ਖੜਾਕ ਹੋਵੇ, ਗੋਲਾ ਚਲੇ ਜਾਂ ਕੋਈ ਉਚੀ ਆਵਾਜ ਆਵੇ ਤਾਂ ਬੱਚਾ ਸਹਿਮ ਨਾਲ ਡਰ ਕੇ ਰੋਂਦਾ ਹੈ।ਉਸ ਦਾ ਰੋਣਾ ਰੱਖਿਆ ਲਈ ਅਪੀਲ ਹੁੰਦੀ ਹੈ।ਕੂਕਾਂ ਮਾਰਦਾ ਹੈ, ਗੁੱਸੇ ਵਿਚ ਆ ਕੇ ਹੱਥ ਪੈਰ ਮਾਰਦਾ ਹੈ, ਮੁਕਾਬਲਾ ਕਰਨਾ ਚਾਹੁੰਦਾ ਹੈ।ਏਸੇ ਤਰ੍ਹਾਂ ਜਦ ਬੱਚੇ ਨੂੰ ਭੁੱਖ ਲਗਦੀ ਹੈ ਤੇ ਢਿੱਡ ਖਾਲੀ ਹੁੰਦਾ ਹੈ ਤਾਂ ਰੱਖਿਆ ਦੀ ਪ੍ਰਵਿਰਤੀ ਜਾਗਦੀ ਹੈ।ਜਿਸ ਕਰਕੇ ਉਹ ਕੁਰਲਾਂਦਾ ਹੈ, ਗੁੱਸੇ ਦਾ ਪ੍ਰਗਟਾਵਾ ਕਰਦਾ ਹੋਇਆ ਟਾਕਰੇ ਦੀ ਭਾਵਨਾ ਦਸਦਾ ਹੈ।

**ਵੈਰ ਵਿਰੋਧ ਦਾ ਕਾਰਣ** = ਨਿਰੰਕਾਰ ਤੋਂ ਬਿਨਾ ਸਾਰੀ ਸ੍ਰਿਸਟੀ ਦੇ ਜੀਵਾਂ ਵਿਚ ਆਪਸ ਵਿਚ ਵੈਰ ਵਿਰੋਧ ਦੀ ਭਾਵਨਾ ਜਰੂਰ ਹੁੰਦੀ ਹੈ {ਬਿਨੁ ਬਾਦ ਬਿਰੋਧਹਿ ਕੋਈ ਨਾਹੀ ੧੦੨੫}।ਧਨ ਦੌਲਤ, ਆਮਦਨ ਦੇ ਦੂਜੇ ਹੋਰ ਸਾਧਨ, ਰਾਜਸੀ ਮੰਤਵ ਅਤੇ ਨਾ ਬਰਾਬਰੀ ਵੈਰ ਵਿਰੋਧ ਦਾ ਕਾਰਨ ਹੁੰਦੇ ਹਨ।ਵੈਰ ਦੇ ਅਰਥ ਭਾਵ ਸਮੇਂ ਨਾਲ ਬਦਲਦੇ ਰਹੇ ਹਨ, ਪੁਰਾਣੇ ਸਮੇਂ ਵਿਚ ਓਪਰਾ ਬੰਦਾ ਵੈਰੀ ਜਾਣਿਆ ਜਾਂਦਾ ਸੀ।ਅੱਜ ਦੇ ਵਿਗਿਆਨਕ ਅਤੇ ਵਿਕਸਤ ਸੰਸਾਰ ਵਿਚ ਵੀ ਓਪਰਾ ਆਦਮੀ ਪਰਦੇਸੀ ਹੀ ਸਮਝਿਆ ਜਾਂਦਾ ਹੈ ਅਤੇ ਨਫਰਤ ਨਾਲ ਦੇਖਿਆ ਜਾਂਦਾ ਹੈ।ਧਾਰਮਕ ਵਿਸ਼ਵਾਸਾਂ ਅਤੇ ਵਖਰੇ ਪਹਿਰਾਵੇ ਕਾਰਣ ਵੀ ਓਪਰੇ ਬੰਦੇ ਨਾਲ ਨਫਰਤ ਅਤੇ ਵੈਰ ਕੀਤਾ ਜਾਂਦਾ ਹੈ ਅਤੇ ਓਪਰਾ ਬੰਦਾ ਅਜਾਦੀ ਨਾਲ ਨਹੀ ਵਿਚਰ ਸਕਦਾ।ਧਾਰਮਕ ਵਿਸ਼ਵਾਸਾਂ ਵਿਚ ਅੰਤਰ ਵੀ ਵੈਰ ਵਿਰੋਧ ਦਾ ਵੱਡਾ ਕਾਰਣ ਹੈ। ਪੁਰਾਤਨ ਸਮਿਆਂ ਵਿਚ ਯਹੂਦੀ ਲੋਕ ਬਾਹਰ ਦੇ ਲੋਕਾਂ ਨੂੰ ਬੁੱਤ ਪੂਜ ਅਤੇ ਯਹੋਵਾਹ ਦੇ ਵੈਰੀ ਸਮਝ ਕੇ ਘ੍ਰਿਣਾ ਕਰਦੇ ਸਨ।ਯੂਨਾਨ ਅਤੇ ਰੋਮ ਵਿਚ ਵੀ ਓਪਰੇ ਬੰਦੇ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ।ਸੁਕਰਾਤ ਦਾ ਕਹਿਣਾ ਹੈ ਕਿ ਵੈਰੀਆਂ ਦੇ ਦੁਖਾਂ ਤੇ ਖੁਸ਼ ਹੋਣਾ ਬੁਰੀ ਗਲ ਨਹੀ, ਉਹ ਓਪਰੇ ਆਦਮੀ ਨੂੰ ਯੂਨਾਨ ਦਾ ਵੈਰੀ ਆਖਦਾ ਹੈ।ਅਰੱਸਤੂ ਅਨੁਸਾਰ ਯੂਨਾਨੀਆਂ ਨੂੰ ਓਪਰੇ ਆਦਮੀ ਨਾਲ ਜਾਂਗਲੀਆਂ ਵਾਲਾ ਵਤੀਰਾ ਕਰਨਾ ਚਹੀਦਾ ਹੈ।ਹਿੰਦੂ ਮੁਸਲਮਾਨਾਂ ਨੂੰ ਮਲੇਛ ਅਤੇ ਮੁਸਲਮਾਨ ਗੈਰ ਮੁਸਲਿਮਾਂ ਨੂੰ ਕਾਫਰ ਕਹਿ ਕੇ ਤ੍ਰਿਸਕਾਰਦੇ ਰਹੇ ਹਨ।ਮੁਸਲਮਾਨਾਂ ਨੇ ਹਿੰਦੂਆਂ ਨੂੰ ਕਾਫਰ ਕਹਿ ਕੇ ਮਾਰਨ ਵਿਚ ਪੁੰਨ ਸਮਝਿਆ ਅਤੇ ਮੰਦਰਾਂ ਨੂੰ ਢਾਹੁੰਦੇ ਰਹੇ ਹਨ ।ਮੁਸਲਮਾਨਾਂ ਅਤੇ ਯਹੂਦੀਆਂ ਦੇ ਆਪਸੀ ਵੈਰ ਵਿਰੋਧ ਦੀਆਂ ਲੜਾਈਆਂ ਅਜ ਤਕ ਵੀ ਨਹੀ ਮੁੱਕੀਆਂ।ਹਿੰਦੂ ਦੇਵੀ ਦੇਵਤੇ ਵੀ ਆਪਸ ਵਿਚ ਲੜਦੇ ਰਹੇ ਹਨ ਅਤੇ ਦੈਂਤਾ ਨਾਲ ਹੋਈਆਂ ਲੜਾਈਆਂ ਦੇ ਗਰੰਥ ਭਰੇ ਪਏ ਹਨ।ਜਾਤ ਪਾਤ ਦੇ ਅਭਿਮਾਨ ਤੋਂ ਮਨੁਖਾਂ ਵਿਚਾਲੇ ਨਫਰਤ, ਘ੍ਰਿਣਾ, ਵੈਰ ਭਾਵ ਅਤੇ ਦੰਗੇ ਫਸਾਦ ਹੁੰਦੇ ਰਹੇ ਹਨ।ਬ੍ਰਹਮਣਾਂ ਦੀ ਨੀਵੀਆਂ ਜਾਤੀਆਂ ਪ੍ਰਤੀ ਘ੍ਰਿਣਾ, ਕ੍ਰੋਧ, ਵੈਰ ਭਾਵ ਅਤੇ ਕਰੋਪੀ ਸਦੀਆਂ ਤੋਂ ਹੁਣ ਤਕ ਸਮਾਜ ਦਾ ਅੰਗ ਰਹੀ ਹੈ।ਰਾਜਸੀ ਵੈਰ ਧਾਰਮਿਕ ਵੈਰਾਂ ਤੋਂ ਵੀ ਬੜੇ ਭਿਆਨਕ ਹਨ, ਜਿਨ੍ਹਾਂ ਵਿਚ ਲੱਖਾਂ ਕ੍ਰੋੜਾਂ ਜਾਨਾਂ ਚਲੇ ਜਾਣੀਆਂ ਮਮੂਲੀ ਗੱਲ ਹੈ।ਅਜ ਮਨੁੱਖ ਅਪਣੇ ਗਿਆਨ ਅਤੇ ਸ਼ਕਤੀ ਨੂੰ ਵੈਰ ਦੀ ਭਾਵਨਾ ਨਾਲ ਮਨੁੱਖਤਾ ਦੀ ਤਬਾਹੀ ਲਈ ਵਰਤ ਰਿਹਾ ਹੈ।ਧਾਰਮਿਕ ਦੰਗੇ ਫਸਾਦਾਂ ਅਤੇ ਜੰਗਾਂ ਵਿਚ ਮਾਲੀ ਅਤੇ ਜਾਨੀ ਤਬਾਹੀ ਕਰਨ ਵਾਲਾ ਮਨੁੱਖ ਇਕ ਜਾਲਮ ਦੈਂਤ ਬਣ ਜਾਂਦਾ ਹੈ।ਦੋ ਸੰਸਾਰ ਜੁੱਧਾਂ, ਹਿੰਦ ਪਾਕ ਦੀ ਵੰਡ, ੮੪ ਅਤੇ ਗੁਜਰਾਤ ਦੇ ਕਤਲਿਆਮ ਸਮੇਂ ਮਨੁੱਖ ਦੀ ਦਰਿੰਦਗੀ ਦਾ ਤਾਂਡਵ ਨਾਚ ਅਜ ਵੀ ਦਿਲਾਂ ਨੂੰ ਕੰਬਾ ਰਿਹਾ ਹੈ, ਮਨੁੱਖ ਹੀ ਮਨੁੱਖ ਦਾ ਭਿਆਨਕ ਵੈਰੀ ਬਣਿਆ ਹੋਇਆ ਹੈ, ਇਸ ਤਰ੍ਹਾਂ ਦੇ ਜੁਲਮ ਤਾਂ ਕੋਈ ਖੂੰਖਾਰ ਦੈਂਤ ਵੀ ਨਹੀਂ ਕਰ ਸਕਦਾ ਹੈ, ਜਿਸ ਤਰ੍ਹਾਂ ਦੇ ਇਕ ਮਨੁੱਖ ਦੂਜੇ ਮਨੁੱਖਾਂ ਉਤੇ ਕਰਦਾ ਹੈ। ਆਪਸ ਵਿਚ ਵੈਰ ਘਟਾਉਣ ਨਾਲ ਹੀ ਮਨੁੱਖਤਾ ਦਾ ਭਵਿਖ ਉਜਲ ਹੋ ਸਕਦਾ ਹੈ।

**ਗੁਰਮਤਿ ਵਿਚ ਨਿਰਵੈਰ ਦਾ ਸੰਕਲਪ** = ਗੁਰਮਤਿ ਦਾ ੴ ਸਾਰੀ ਮਨੁੱਖਤਾ ਦਾ ਕਰਤਾ ਪੁਰਖ (ਸਿਰਜਨਹਾਰ ਹਸਤੀ) ਹੈ, ਉਹ ਕਿਸੇ ਇਕ ਜਾਤੀ, ਕੌਮ, ਧਰਮ ਜਾਂ ਕਿਸੇ ਇਕ ਹੀ ਦੇਸ਼ ਦਾ ਰੱਬ ਨਹੀਂ। ਉਸ ਨੂੰ ਕਿਸੇ ਦਾ ਡਰ ਨਹੀ ਅਤੇ ਨਾ ਹੀ ਉਸ ਦਾ ਕੋਈ ਵੈਰੀ ਹੈ {ਹਰਿ ਸਤਿ ਨਿਰੰਜਨ ਅਮਰੁ ਹੈ, ਨਿਰਭਉ ਨਿਰਵੈਰ ਨਿਰੰਕਾਰੁ ੩੦੨}। ਇਸ ਲਈ ਉਹ ਕ੍ਰੋਧੀ ਅਤੇ ਜਾਲਮ ਨਹੀ, ਸਗੋਂ ਉਹ ਤਾਂ ਮਿੱਠ ਬੋਲੜਾ ਸਭ ਨਾਲ ਪਿਆਰ ਅਤੇ ਸਭ ਉਤੇ ਦਇਆ ਕਰਨ ਵਾਲਾ ਹੈ। ਉਸ ਵਿਚ ਸ਼ਿਵ, ਦੇਵੀ ਦੇਵਤਿਆਂ, ਯਹੋਵਾਹ ਵਾਲਾ ਗੁੱਸਾ, ਵੈਰ ਅਤੇ ਈਰਖਾ ਨਹੀ ਹੈ। ਜਦੋਂ ਮਨੁੱਖ ਦੂਜਿਆਂ ਨੂੰ ਬਿਗਾਨਾ ਸਮਝਦਾ ਹੈ ਅਤੇ ਉਨ੍ਹਾਂ ਦਾ ਧਨ, ਜਮੀਨ ਜਾਂ ਕੋਈ ਹੋਰ ਚੀਜਾਂ ਨੂੰ ਹੜੱਪ ਕਰਨਾ ਚਾਹੁੰਦਾ ਹੈ ਜਾਂ ਅਪਣੀ ਹਉਮੈ ਦੇ ਪਸਾਰੇ ਧਨ ਜਮੀਨ ਆਦਿ ਦੇ ਖੁਸ ਜਾਣ ਦਾ ਡਰ ਮਹਿਸੂਸ ਕਰਦਾ ਹੈ ਤਾਂ ਵੈਰ ਭਾਵਨਾ ਪੈਦਾ ਹੁੰਦੀ ਹੈ। ਜਦ ਮਨੁੱਖ ਦੂਜੇ ਦੇ ਹੱਕਾਂ ਤੇ ਡਾਕੇ ਨਹੀਂ ਮਾਰਦਾ ਅਤੇ ਸਭ ਨੂੰ 'ਏਕ ਪਿਤਾ ਏਕਸ ਹਮ ਬਾਰਿਕ' ਸਮਝਦਾ ਹੈ ਤਾਂ ਵੈਰ ਪੈਦਾ ਹੀ ਨਹੀਂ ਹੁੰਦਾ, ਸਗੋਂ ਆਪਸ ਵਿਚ ਭਾਈਚਾਰਕ ਸਾਂਝ ਪੈਂਦੀ ਹੈ। ਨਿਰਭਉ ਨਿਰਵੈਰ ਦਾ ਸੰਕਲਪ ਆਪਸੀ ਭਾਈਚਾਰਕ ਰਿਸ਼ਤਾ ਅਤੇ ਬਰਾਬਰੀ ਪੈਦਾ ਕਰਦਾ ਹੈ। ਨਿਰੰਕਾਰ ਦੀਆਂ ਸਾਰੀਆਂ ਕੁਦਰਤੀ ਸ਼ਕਤੀਆਂ ਹਵਾ ਪਾਣੀ ਧਰਤੀ ਅੱਗ ਆਕਾਸ਼ ਸੂਰਜ ਚੰਦ ਆਦਿ ਨਿਰਵੈਰ ਹੋ ਕੇ ਸਾਰੀ ਮਨੁੱਖਤਾ ਨਾਲ ਇਕੋ ਜਿਹਾ ਵਰਤਾਓ ਕਰਦੀਆਂ ਹਨ {ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ੨੭੨}। ਨਿਰੰਕਾਰ ਆਪ ਨਿਰਭਉ ਅਤੇ ਨਿਰਵੈਰ ਹੈ {ਹਰਿ ਸਤਿ ਨਿਰੰਜਨ ਅਮਰੁ ਹੈ, ਨਿਰਭਉ ਨਿਰਵੈਰੁ ਨਿਰੰਕਾਰੁ ੩੦੨}, ਨਿਰਭਉ ਨਿਰਵੈਰ ਨੂੰ ਮੰਨਣ ਵਾਲੇ ਵੀ ਨਿਰਭਉ ਨਿਰਵੈਰ ਹੋ ਜਾਂਦੇ ਹਨ {ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ੫੪੯}। ਨਿਰੰਕਾਰ ਨਾਲ ਜੁੜਨ ਕਰਕੇ ਮਨੁੱਖ ਮੌਤ ਦੇ ਡਰ, ਦੁਖਾਂ ਭੁੱਖਾਂ ਅਤੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ = ਨਾ ਉਹ ਮਰਤਾ ਨਾ ਹਮ ਡਰਿਆ। ਨਾ ਉਹ ਬਿਨਸੈ ਨਾ ਹਮ ਕੜਿਆ (੩੯੧)।

ਜੇ ਮਨੁੱਖ ਦੁੱਖ ਭੋਗਦਾ ਹੈ {ਕੇਤਿਆ ਦੂਖ ਭੂਖ ਸਦ ਮਾਰ। ਏਹਿ ਭਿ ਦਾਤ ਤੇਰੀ ਦਾਤਾਰ (੫)}, ਇਸ ਦਾ ਦੋਸ਼ ਰੱਬ ਨੂੰ ਨਹੀਂ ਦਿਤਾ ਜਾ ਸਕਦਾ, ਰਬ ਕਿਸੇ ਨਾਲ ਵੈਰ ਨਹੀ ਕਰਦਾ ਅਤੇ ਨਾ ਹੀ ਬਦਲਾ ਲੈਣ ਵਾਲਾ ਹੈ। ਦੁਖ ਮਨੁੱਖ ਦੇ ਅਪਣੇ ਕੀਤੇ ਕਰਮਾਂ ਦੇ ਕਾਰਣ ਮਿਲਦੇ ਹਨ {ਦੁਖੁ ਸੁਖੁ ਪੁਰਬ ਜਨਮ ਕੇ ਕੀਏ ੧੦੩੦}। ਜੇ ਕਿਸੇ ਨੂੰ ਕੀਤੇ ਕਤਲ ਕਰਕੇ ਮੌਤ ਦੀ ਸਜਾ ਮਿਲਦੀ ਹੈ, ਤਾਂ ਇਸ ਵਿਚ ਸਜਾ ਦੇਣ ਵਾਲੇ ਜੱਜ ਦਾ ਕਸੂਰ ਨਹੀ, ਕੀਤੇ ਹੋਏ ਕਤਲ ਦੇ ਕਰਮ ਦੇ ਕਾਰਣ ਸਜਾ ਮਿਲੀ ਹੈ {ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਅਪਣਿਆ। ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ੪੩੩}। ਗੁਰੂ ਅਰਜਨ ਦੇਵ ਜੀ ਦਾ ਕਿਸੇ ਨਾਲ ਵੈਰ ਨਹੀਂ ਸੀ, ਹਾਲਾਂ ਕਿ ਹਕੂਮਤ, ਕਾਜੀ, ਮੁਲਾਣੇ, ਪੰਡਤ ਅਤੇ ਪ੍ਰਿਥੀ ਚੰਦ ਵਰਗੇ ਆਪ ਜੀ ਦੇ ਬੈਰੀ ਬਣੇ ਹੋਏ ਸਨ {ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ ੬੭੧ ; ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ੧੨੯੯}।

**ਅਕਾਲ ਮੂਰਤਿ** = ਕੁਝ ਮੱਤਾਂ ਨੇ ਕਾਲ ਨੂੰ ਪ੍ਰਮਾਤਮਾ ਦੇ ਮੁਕਾਬਲੇ ਤੇ ਸੁਤੰਤਰ ਹਸਤੀ ਮੰਨਿਆ ਹੈ। ਕਾਲ ਨੂੰ ਅਨਾਦੀ, ਅਨੰਤ, ਬ੍ਰਹਮਾ ਨੂੰ ਪੈਦਾ ਕਰਨ ਵਾਲਾ ਅਤੇ ਸਿਰਜਨਹਾਰ ਵੀ ਕਿਹਾ ਗਿਆ ਹੈ। ਮਨੁੱਖ ਅਪਣੇ ਇਸ਼ਟ ਨੂੰ ਸਦਾ ਹੀ ਕਿਸੇ ਤਸਵੀਰ ਜਾਂ ਬੁੱਤ ਦੇ ਰੂਪ ਵਿਚ ਪੂਜਦਾ ਰਿਹਾ ਹੈ। ਹਿੰਦੂ ਮੱਤ ਵਿਚ ਪਿੱਛੇ ਹੋ ਚੁਕੇ ਅਵਤਾਰਾਂ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਜਾਂ ਬੁੱਤਾਂ ਨੂੰ ਭਗਵਾਨ ਸਮਝ ਕੇ ਪੂਜਣ ਦਾ ਆਮ ਰਿਵਾਜ ਬਣ ਗਿਆ ਸੀ। ਰਾਮ ਚੰਦਰ ਜੀ ਅਤੇ ਕ੍ਰਿਸ਼ਨ ਜੀ ਦੀਆਂ ਤਸਵੀਰਾਂ ਜਾਂ ਬੁੱਤ ਭਗਵਾਨ ਦੇ ਰੂਪ ਵਿਚ ਘਰ ਘਰ ਵਿਚ ਪੂਜੇ ਜਾਂਦੇ ਹਨ। ਸ਼ੁਰੂ ਵਿਚ ਜਦੋਂ ਮਨੁੱਖੀ ਮਨ ਵਿਚ ਧਰਮ ਦਾ ਉਚਾ ਸੁੱਚਾ ਵਿਚਾਰ ਪ੍ਰਗਟ ਹੋਇਆ ਹੋਵੇਗਾ, ਉਦੋਂ ਮਨੁੱਖ ਨੇ ਪ੍ਰਮਾਤਮਾ ਨੂੰ ਸਾਕਾਰ ਰੂਪ ਵਿਚ ਦੇਖਣ ਲਈ ਚਿਨ੍ਹ ਲੱਭੇ ਹੋਣਗੇ, ਜਿਨ੍ਹਾਂ ਨੂੰ ਬਾਦ ਵਿਚ ਮੂਰਤੀਆਂ ਅਤੇ ਬੁੱਤਾਂ ਵਿਚ ਬਦਲ ਦਿਤਾ ਗਿਆ ਹੋਣਾ ਹੈ। ਇਸ ਤਰ੍ਹਾਂ ਹਜਾਰਾਂ ਸਾਲਾਂ ਤੋਂ ਮਾਨਵੀ ਧਰਮਾਂ ਵਿਚ ਇਸ਼ਟ ਨੂੰ ਮੂਰਤੀ ਰੂਪ ਵਿਚ ਪੂਜਣਾ ਅਰੰਭ ਹੋ ਗਿਆ। ਅਗਿਆਨਤਾ ਦੇ ਅਜੇਹੇ ਹਨ੍ਹੇਰੇ ਵਿਚ ਪ੍ਰਮਾਤਮਾ ਦੇ ਅਕਾਲ ਮੂਰਤਿ ਦਾ ਸੰਕਲਪ ਦੇਣ ਦੀ ਵਿਸ਼ੇਸ਼ ਲੋੜ ਸੀ।

**ਅਕਾਲ ਦਾ ਅਰਥ** = ਕਾਲ ਰਹਿਤ, ਬੁਰਾ ਸਮਾਂ, ਬੁਰੇ ਦਿਨ, ਅਕਾਲ ਪੈ ਜਾਣਾ। ਪਰ ਗੁਰਬਾਣੀ ਵਿਚ 'ਅਕਾਲ' ਕਾਲ ਰਹਿਤ ਅਰਥਾਂ ਵਿਚ ਵਰਤਿਆ ਹੈ। ਮੂਰਤਿ ਦਾ ਅਰਥ ਹੈ = ਸਥੂਲਤਾ, ਸਰੀਰ, ਪਿੰਡ, ਸ਼ਕਲ, ਵਿਅਕਤੀ, ਅਦ੍ਰਿਸਟ ਅਤੇ ਅਰੂਪ ਪ੍ਰਮਾਤਮਾ ਨੂੰ ਦਿਸਦੇ ਰੂਪ ਵਿਚ ਪੂਜਣ ਵਾਲੀਆਂ ਮੂਰਤਾਂ, ਹਸਤੀ, ਹੋਂਦ, ਸਰੂਪ, ਵਜੂਦ। ਗੁਰਬਾਣੀ ਵਿਚ 'ਅਕਾਲ ਮੂਰਤਿ' ਦਾ ਅਰਥ ਹੈ = ਉਹ ਹਸਤੀ ਜੋ ਕਾਲ ਤੋਂ ਰਹਿਤ ਹੈ ਭਾਵ ਜਿਸ ਉਤੇ ਕਾਲ ਦਾ ਅਸਰ ਨਹੀ, ਜਿਸ ਦਾ ਸਰੂਪ ਕਾਲ ਤੋਂ ਵੀ ਪਰੇ ਹੈ, ਉਹ ਅਕਾਲ ਹੈ {ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ੧੦੩੮ ; ਕਾਲ ਰਹਿਤ ਅਨਕਾਲ ਸਰੂਪਾ (ਅਕਾਲ ਉਸਤਤਿ ਪਾ.੧੦)} । ਜਿਸ ਦਾ ਆਦਿ ਹੋਵੇ ਉਸ ਦਾ ਅੰਤ ਵੀ ਹੁੰਦਾ ਹੈ {ਜੋ ਜਨਮੈ ਸੋ ਜਾਨਹੁ ਮੂਆ ੩੭੫} ਪਰ ਪ੍ਰਮਾਤਮਾ ਅਨਾਦਿ (ਆਦਿ ਰਹਿਤ) ਹੈ , ਉਸ ਦਾ ਅੰਤ ਨਹੀਂ, ਉਹ ਸਭ ਦਾ ਆਦਿ ਹੈ {ਕਾਲ ਹੀਨ ਕਲਾ ਸੰਜੁਗਤ, ਅਕਾਲ ਪੁਰਖੁ ਅਦੇਸ (ਜਾਪ ਸਾਹਿਬ ਪਾ.੧੦)}।

**ਮੂਰਤਿ** = ਗੁਰੂ ਨਾਨਕ ਦੇਵ ਜੀ ਦੇ 'ਅਕਾਲ ਮੂਰਤ' ਦਾ ਸੰਕਲਪ ਮੂਰਤੀ ਅਤੇ ਬੁੱਤ ਪੂਜਾ ਦਾ ਖੰਡਨ ਕਰਦਾ ਹੈ {ਥਾਪਿਆ ਨ ਜਾਇ, ਕੀਤਾ ਨ ਹੋਇ। ਆਪੇ ਆਪਿ, ਨਿਰੰਜਨੁ ਸੋਇ। (ਜਪੁਜੀ ਅੰਗ ੨)}। ਪ੍ਰਮਾਤਮਾ ਦਾ ਨਾ ਕੋਈ ਰੂਪ ਹੈ, ਨਾ ਸਥੂਲ ਅਕਾਰ,

ਫਿਰ ਉਸ ਦੀ ਅਕਾਰ ਵਾਲੀ ਮੂਰਤ, ਬੁੱਤ ਜਾਂ ਚਿਤਰ ਆਦਿ ਕਿਵੇਂ ਹੋ ਸਕਦਾ ਹੈ? ਡਾ. ਸ਼ੇਰ ਸਿੰਘ ਜੀ ਜਪੁ ਜੀ ਦਰਸ਼ਨ ਵਿਚ ਲਿਖਦੇ ਹਨ ੴ–

ਜਿਤਨੀਆਂ ਵੀ ਸ਼ਕਲਾਂ ਅਸੀਂ ਦੇਖਦੇ ਹਾਂ, ਮਨੁੱਖਾਂ ਦੀਆਂ, ਪਸ਼ੂਆਂ, ਪੰਛੀਆਂ, ਵਣਾਂ, ਪਹਾੜਾਂ, ਤਾਰਿਆਂ ਆਦਿ ਬੇਅੰਤ ਵਸਤੂਆਂ ਦੀਆਂ, ਇਹ ਸਭ ਮੂਰਤਾਂ (ਮੂਰਤੀਆਂ) ਹਨ।ਪ੍ਰਗਟਾਊ ਹਨ, ਸਾਕਾਰ ਹਨ, ਆਕਾਰ ਹਨ।ਇਨ੍ਹਾਂ ਮੂਰਤੀਆਂ ਦਾ ਅਸਲਾ ਇਕ ਸਰਬ ਵਿਆਪੀ ਮੂਰਤ–ਤਤ੍ਵ ਹੈ।ਮਿਸਾਲ ਵਜੋਂ ਜਦ ਕੋਈ ਕਾਰੀਗਰ ਮੇਜ ਬਣਾਉਂਦਾ ਹੈ, ਤਾਂ ਬਣਾਉਣ ਤੋਂ ਪਹਿਲਾਂ ਉਸ ਮੇਜ ਦਾ ਸਰੂਪ ਉਸ ਦੇ ਮਨ ਵਿਚ ਮੂਰਤੀਮਾਨ ਹੁੰਦਾ ਹੈ, ਮੇਜ ਅਸਲ ਵਿਚ ਉਸੀ ਅੰਦਰਲੇ ਸਰੂਪ ਦਾ ਸਾਕਾਰ ਰੂਪ ਹੈ।ਮੇਜ ਦਾ ਸਥੂਲ ਰੂਪ ਤਾਂ ਟੁੱਟ ਭੱਜ ਜਾਂਦਾ ਹੈ, ਐਪਰ ਆਤਮ ਤੱਤ ਵਾਲੀ ਮੂਰਤ ਕਾਇਮ ਰਹਿੰਦੀ ਹੈ।ਅੱਗੇ ਡਾਕਟਰ ਸ਼ੇਰ ਸਿੰਘ ਜੀ ਲਿਖਦੇ ਹਨ = ਗੁਰਮਤਿ ਅਨੁਸਾਰ ਜਿਵੇਂ ਸਾਰੀਆਂ ਜੀਵ ਆਤਮਾਵਾਂ ਪ੍ਰਮਾਤਮਾ ਦਾ ਅਕਸ ਹਨ, ਤਿਵੇਂ ਹੀ ਸਮੁਚਾ ਸੂਖਮ ਅਸਥੂਲ ਸੰਸਾਰ ਇਕ ਪਰਮ ਬੁਨਿਆਦੀ ਤੱਤ ਦਾ ਅਕਸ ਹੈ ਤੇ ਇਹ ਪਰਮ ਬੁਨਿਆਦੀ ਮੂਰਤ ਨਿਰੰਕਾਰ ਜੀ ਹਨ।ਨਿਰੰਕਾਰ ਜੀ ਕੇਵਲ ਪਰਮ ਆਤਮਾ ਹੀ ਨਹੀਂ ਸਗੋਂ ਪਰਮ ਮੂਰਤ ਵੀ ਹਨ।ਕਿਉਂਕਿ ਜੋ ਕੁਝ ਵੀ ਮੂਰਤੀਮਾਨ ਹੁੰਦਾ ਹੈ, ਉਹ ਸਭ ਕੁਝ ਉਸ ਪਰਮ ਮੂਰਤ ਦਾ ਸਾਕਾਰੀਕਰਨ ਹੈ। ਇਸ ਲਈ ਰੱਬ ਮੂਰਤਿ ਵੀ ਹੈ, ਇਹ ਮੂਰਤ ਸਦੀਵੀ ਹੈ, ਟੁੱਟਦੀ ਭੱਜਦੀ ਨਹੀਂ, ਢਹਿੰਦੀ ਨਹੀਂ, ਨਾਸ਼ ਨਹੀਂ ਹੁੰਦੀ, ਪਰ ਇਸ ਦਾ ਸਬੰਧ ਪ੍ਰਮਾਤਮਾ ਦੇ ਸਰਗੁਣਪੁਣੇ ਨਾਲ ਹੀ ਹੈ, ਉਹ ਨਿਰਗੁਣ ਅਵਸਥਾ ਵਿਚ ਮੂਰਤੀ ਤੱਤ ਨਹੀ ਰਖਦਾ।ਸੋ ਅਕਾਲ ਮੂਰਤਿ '੧ੴ ਸਤਿਨਾਮ ਕਰਤਾ ਪੁਰਖੁ' ਦੇ ਬਿਨਾ ਹੋਰ ਕੋਈ ਨਹੀ।

ਗੁਰਬਾਣੀ ਅਨੁਸਾਰ ਸਤਿਗੁਰੂ, ਨਿਰੰਕਾਰ ਦੀ ਪ੍ਰਤੱਖ ਮੂਰਤ (ਪ੍ਰਤੱਖ ਸਰੂਪ) ਹੈ {ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ, ਜੋ ਅੰਮ੍ਰਿਤ ਬਚਨ ਸੁਣਾਵੈ ੧੨੬੪}।ਹੁਣ ਗੁਰੂ ਸਾਹਿਬ ਸਾਡੇ ਵਿਚ ਸਰੀਰ ਰੂਪ ਵਿਚ ਨਹੀ ਹਨ, ਭਾਈ ਗੁਰਦਾਸ ਜੀ ਅਨੁਸਾਰ ਗੁਰੂ ਦਾ ਸ਼ਬਦ ਗੁਰੂ ਦੀ ਮੂਰਤ ਹੈ {ਗੁਰ ਮੂਰਤਿ ਗੁਰ ਸਬਦ ਹੈ...ਭਾ. ਗੁ. ੨੪–੨੫; ਗੁਰ ਮੂਰਤਿ ਗੁਰ ਸਬਦੁ ਹੈ....ਭਾ. ਗੁ. ੩੨–੨}। ਨਿਰੰਕਾਰ ਅਤੇ ਗੁਰੂ ਨੂੰ ਕਿਸੇ ਮੂਰਤ ਜਾਂ ਬੁਤ ਰੂਪ ਵਿਚ ਪੂਜਣਾ ਗੁਰਮਤਿ ਵਿਰੁਧ ਹੈ।ਗੁਰਬਾਣੀ ਹੀ ਨਿਰੰਕਾਰ ਦਾ ਰੂਪ ਹੈ {ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ੫੧੫} ਅਤੇ ਗੁਰਬਾਣੀ ਹੀ ਗੁਰੂ ਹੈ {ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ੯੮੨}।ਅਜ ਅਸੀਂ ਸ਼ਬਦ ਦੇ ਪੁਜਾਰੀ ਘਟ ਹਾਂ, ਮੂਰਤਾਂ ਦੇ ਪੁਜਾਰੀ ਬਣਦੇ ਜਾ ਰਹੇ ਹਾਂ।

ਕਬੀਰ ਸਾਹਿਬ ਦਾ ਬਚਨ ਹੈ = ਚਚਾ ਰਚਿਤ ਚਿਤ੍ਰ ਹੈ ਭਾਰੀ।ਤਜਿ ਚਿਤ੍ਰੈ ਚੇਤਹੁ ਚਿਤਕਾਰੀ।ਚਿਤ੍ਰ ਬਚਿਤ੍ਰ ਇਹੈ ਅਵਝੇਰਾ ।ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ (੩੪੦)।ਅਰਥ = ਚੱਚੇ ਅੱਖਰ ਦੀ ਸਿਖਿਆ ਦੇਂਦੇ ਕਬੀਰ ਜੀ ਕਹਿੰਦੇ ਹਨ ਕਿ ਰਚਿਆ ਜਗਤ ਵਾਹਿਗੁਰੂ ਦੀ ਵੱਡੀ ਤਸਵੀਰ ਹੈ।ਜਗਤ ਰੂਪ ਤਸਵੀਰ ਨੂੰ ਛਡ ਕੇ (ਤਸਵੀਰ ਬਣਾਉਣ ਵਾਲੇ) ਚਿਤ੍ਰਕਾਰ (ਵਾਹਿਗੁਰੂ) ਨੂੰ ਚੇਤੇ ਕਰੋ। (ਜਗਤ ਦੀ ਮਨ ਨੂੰ ਮੋਹ ਲੈਣ ਵਾਲੀ) ਰੰਗ ਬਰੰਗੀ (ਸੁੰਦਰ) ਇਹ ਤਸਵੀਰ ਇਕ ਝਗੜਾ ਹੈ (ਜੋ ਕੁਰਾਹੇ ਪਾਉਣ ਵਾਲਾ ਹੈ, ਇਸ ਲਈ ਝਮੇਲੇ ਤੋਂ ਬਚਣ ਲਈ) ਤਸਵੀਰ ਨੂੰ ਛਡ ਕੇ ਚਿਤ੍ਰਕਾਰ (ਵਾਹਿਗੁਰੂ) ਵਿਚ ਚਿਤ ਨੂੰ ਟਿਕਾਓ।

ਜੇ ਕਾਲ ਦਾ ਅਰਥ ਸਮਾਂ ਕਰੀਏ ਤਾਂ ਸਮਾਂ ਵੀ ਕਾਲ ਦੇ ਅੰਦਰ ਹੀ ਆਉਂਦਾ ਹੈ, ਸਮੇਂ ਦਾ ਸਬੰਧ ਦਿਨ ਰਾਤ, ਰੁੱਤਾਂ, ਮਹੀਨਿਆਂ, ਚੰਦ ਸੂਰਜ ਨਾਲ ਹੈ।{ਦਿਨ ਰਵਿ ਚਲੈ ਨਿਸਿ ਸਸਿ ਚਲੈ, ਤਾਰਿਕਾ ਲਖ ਪਲੋਇ।ਮਕਾਮੁ ਓਹੀ ਏਕੁ ਹੈ, ਨਾਨਕਾ ਸਚੁ ਬੁਗੋਇ ੬੪} ਭਾਵ ਗੁਰੂ ਨਾਨਕ ਦੇਵ ਜੀ ਕਹਿ ਰਹੇ ਹਨ ਕਿ ਦਿਨ, ਸੂਰਜ, ਰਾਤ, ਚੰਦ ਅਤੇ ਲਖਾਂ ਤਾਰੇ ਨਾਸ਼ਵੰਤ ਹਨ।ਕੇਵਲ ਇਕ ਉਹ ਨਿਰੰਕਾਰ ਸਦਾ ਕਾਇਮ ਰਹਿੰਦਾ ਹੈ।ਮਨੁੱਖ ਨੇ ਅਪਣੀ ਸੌਖ ਅਤੇ ਸਹੂਲਤ ਲਈ ਸਮੇਂ ਨੂੰ ਭੂਤ, ਵਰਤਮਾਨ ਅਤੇ ਭਵਿਖ ਵਿਚ ਵੰਡ ਲਿਆ ਅਤੇ ਮਨੁੱਖ ਦਾ ਅਨੁਭਵ ਸਮੇਂ ਦੀਆਂ ਇਨ੍ਹਾਂ ਤਿੰਨ ਅਵਸਥਾਵਾਂ ਵਿਚ ਬੱਝਾ ਹੋਇਆ ਹੈ।ਸਮੇਂ ਦੀਆਂ ਹੱਦਾਂ ਤੋਂ ਬਾਹਰ ਮਨੁਖੀ ਸੋਚ ਜਾ ਨਹੀਂ ਸਕਦੀ।ਕਾਲ (ਸਮਾਂ) ਵੀ ਹੱਦ ਦੇ ਅੰਦਰ ਹੈ।ਪ੍ਰਮਾਤਮਾ ਦੇਸ਼ ਅਤੇ ਕਾਲ (ਸਮੇਂ) ਦੀ ਹੱਦ ਵਿਚ ਨਹੀ, ਇਸੇ ਕਰਕੇ ਮਨੁੱਖ ਦੇ ਗਿਆਨ ਦਾ ਵਿਸ਼ਾ ਨਹੀਂ ਬਣ ਸਕਦਾ, ਕਿਉਂਕਿ ਮਨੁੱਖ ਆਪ ਸਮੇਂ ਦੀ ਕ੍ਰਿਤ ਹੈ।ਜਿਵੇਂ ਜਗਤ ਰਚਨਾ ਕਦੇ ਨਹੀਂ ਸੀ, ਹੁਣ ਹੈ, ਕਦੇ ਅਜੇਹਾ ਸਮਾਂ ਆਵੇਗਾ ਜਦੋਂ ਨਹੀ ਹੋਵੇਗੀ, ਫਿਰ ਦੁਬਾਰਾ ਹੋ ਜਾਵੇਗੀ, ਫਿਰ ਮਿਟ ਜਾਵੇਗੀ।ਪਰ ਕਰਤਾ ਪੁਰਖ ਸਦਾ ਰਹੇਗਾ, ਸਮੇਂ ਦੇ ਅਸਰ ਤੋਂ ਮੁਕਤ ਹੋਣ ਕਰਕੇ ਉਸ ਨੂੰ ਗੁਰੂ ਜੀ ਨੇ ਅਕਾਲ ਕਿਹਾ ਹੈ।ਅਕਾਲ ਕਹਿਣ ਤੋਂ ਇਹ ਭਾਵ ਨਹੀ ਕਿ ਉਸ ਦੀ ਹੋਂਦ ਨਹੀ, ਨਾਲ 'ਮੂਰਤਿ' ਪਦ ਦਸਦਾ ਹੈ ਕਿ ਨਿਰੰਕਾਰ ਦੀ ਹੋਂਦ ਹੈ।ਸੋ ਅਕਾਲ ਮੂਰਤਿ ਦਾ ਅਰਥ ਹੈ = ਨਿਰੰਕਾਰ ਕਾਲ ਰਹਿਤ ਹੈ, ਪਰ ਹੋਂਦ ਹੈ, ਹਸਤੀ ਹੈ।ਇਹ ਪ੍ਰਮਾਤਮਾ ਦੀ ਸਦੀਵਤਾ ਪ੍ਰਗਟਾਉਂਦਾ ਹੈ, ਜੋ ਸਮੇਂ ਦੀ ਸੀਮਾ ਤੋਂ ਮੁਕਤ ਹੈ।ਗੁਰਮਤ ਅਨੁਸਾਰ ਪ੍ਰਮਾਤਮਾ ਇਕ ਦਿਸਦੀ ਛੋਟੀ ਜਿਹੀ ਮੂਰਤ ਜਾਂ ਬੁੱਤ ਰੂਪ ਵਿਚ ਨਹੀ, ਸਾਰਾ ਦਿਸਦਾ ਸੰਸਾਰ ਹੀ ਪ੍ਰਮਾਤਮਾ ਦੀ ਮੂਰਤ ਹੈ ।ਪ੍ਰਮਾਤਮਾ ਨੂੰ ਕਿਸੇ ਇਕ ਰੂਪ ਜਾਂ ਮੂਰਤ ਵਿਚ ਵਿਦਮਾਨ ਕਰਕੇ ਸੀਮਤ ਨਹੀਂ ਕੀਤਾ ਜਾ ਸਕਦਾ।

ਮਨੁਖ ਰੱਬ ਨੂੰ ਕਿਸੇ ਸਾਕਾਰ ਰੂਪ ਵਿਚ ਦੇਖਣ ਅਤੇ ਨੇੜਤਾ ਮਾਨਣ ਦਾ ਇੱਛਕ ਹੈ, ਇਸੇ ਕਰਕੇ ਅਪਣੇ ਇਸ਼ਟ ਦੀਆਂ ਮੂਰਤਾਂ ਜਾਂ

ਬੁਤ ਬਣਾ ਕੇ ਪੂਜਦਾ ਹੈ।ਮਨੁਖ ਦਾ ਇਸ਼ਟ ਉਸ ਦੀ ਮਾਨਸਿਕ ਅਤੇ ਆਤਮਕ ਸਥਿਤੀ ਅਨੁਸਾਰ ਹੁੰਦਾ ਹੈ।ਜਿਵੇਂ ਜਿਵੇਂ ਮਨੁੱਖ ਦਾ ਆਤਮਕ ਗਿਆਨ ਵਧਦਾ ਹੈ, ਤਿਵੇਂ ਤਿਵੇਂ ਉਸ ਦਾ ਇਸ਼ਟ ਵੀ ਸਥੂਲ ਤੋਂ ਸੂਖਮ ਹੁੰਦਾ ਜਾਂਦਾ ਹੈ।ਆਤਮਕ ਗਿਆਨ ਦੀ ਅਣਹੋਂਦ ਅਤੇ ਦੇਖਾ ਦੇਖੀ ਸਥਿਤੀ ਵਿਚ ਮਨੁੱਖ ਨੂੰ ਸਥੂਲ ਸਹਾਰਿਆਂ ਦੀ ਲੋੜ ਪੈਂਦੀ ਹੈ।ਇਸ ਤਰ੍ਹਾਂ ਮੂਰਤੀ ਪੂਜਾ ਮਨੁੱਖ ਦਾ ਧਰਮ ਬਣ ਜਾਂਦਾ ਹੈ, ਪਰ ਆਤਮਕ ਗਿਆਨੀਆਂ ਅਤੇ ਅਨੁਭਵੀਆਂ ਨੂੰ ਮੂਰਤਾਂ ਅਤੇ ਬੁੱਤਾਂ ਦੀ ਲੋੜ ਨਹੀ ਪੈਂਦੀ।ਉਹ ਅਪਣੇ ਮਨ ਮੰਦਰ ਵਿਚ ਹੀ ਰੱਬ ਨੂੰ ਦੇਖ ਲੈਂਦੇ ਹਨ, ਪਰ ਅਜੇਹੇ ਮਨੁੱਖ ਆਟੇ ਵਿਚ ਲੂਣ ਦੇ ਬਰਾਬਰ ਹਨ।(ਮੂਲ ਮੰਤ੍ਰ ਸੰਕਲਪ ਅਤੇ ਵਿਵੇਚਨ ਕ੍ਰਿਤ ਡਾ. ਸਲੂਜਾ ਜੀ ਵਿਚੋਂ ਕੁਝ ਅੰਸ਼)।

ਗੁਰਮਤਿ ਵਿਚਾਰ = ਸੰਸਾਰ ਦੀਆਂ ਸਾਰੀਆਂ ਮੂਰਤਾਂ, ਦੇਵੀ ਦੇਵਤੇ ਵੀ ਕਾਲ ਦੇ ਵਸ ਹਨ, ਗੁਰਬਾਣੀ ਦੇ ਵਾਕ ਹਨ =
ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ੨੨੭ ; ਇੰਦ੍ਰ ਪੁਰੀ ਮਹਿ ਸਰਪਰ ਮਰਣਾ।ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ।ਸਿਵ ਪੁਰੀ ਕਾ ਹੋਇਗਾ ਕਾਲਾ...੨੩੭ (ਇੰਦ੍ਰ ਪੁਰੀ ਵਿਚ ਵੀ ਮਰਣਾ ਜਰੂਰ ਹੈ।ਬ੍ਰਹਮ ਪੁਰੀ ਵੀ ਸਦਾ ਕਾਇਮ ਰਹਿਣ ਵਾਲੀ ਨਹੀ।ਸ਼ਿਵ ਪੁਰੀ ਦਾ ਵੀ ਨਾਸ਼ ਹੋ ਜਾਏਗਾ)।ਸਿਵ ਬਿਰੰਚਿ ਅਸੁਰ ਸੁਰ ਜੇਤੇ, ਕਾਲ ਅਗਨਿ ਮਹਿ ਜਰਤੇ ੧੨੬੭ (ਸ਼ਿਵ ਜੀ, ਬ੍ਰਹਮਾ, ਦਾਨਵ, ਦੇਵਤੇ ਜਿੰਨੇ ਵੀ ਹਨ, ਸਭ ਕਾਲ ਦੀ ਅੱਗ ਵਿਚ ਸੜਦੇ ਹਨ ਭਾਵ ਸਭ ਕਾਲ ਦੇ ਵਸ ਹਨ)।ਕੰਧਾਂ ਤੇ ਚਿਤਰੀਆਂ ਮੂਰਤਾਂ, ਕਾਗਜਾਂ ਤੇ ਬਣਾਈਆਂ ਮੂਰਤਾਂ, ਪਥਰਾਂ ਜਾਂ ਧਾਤਾਂ ਦੀਆਂ ਬਣੀਆਂ ਮੂਰਤਾਂ ਜਾਂ ਇਨਸਾਨੀ ਮੂਰਤਾਂ (ਜੀਵ ਜੰਤ ਆਦਿ) ਸਭ ਨਾਸ਼ ਹੋ ਜਾਣ ਵਾਲੀਆਂ ਹਨ।ਕਾਲ ਵਸ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀਆਂ ਮੂਰਤਾਂ ਜਾਂ ਬੁੱਤਾਂ ਦੀ ਪੂਜਾ ਦਾ ਗੁਰਬਾਣੀ ਖੰਡਨ ਕਰਦੀ ਹੈ। ਅਵਤਾਰ ਅਤੇ ਦੇਵੀ ਦੇਵਤੇ ਸਭ ਕਰਤਾਰ ਦੀ ਕ੍ਰਿਤ ਹਨ ਅਤੇ ਉਸ ਦੇ ਸੇਵਕ ਹਨ।ਗੁਰਬਾਣੀ ਅਨੁਸਾਰ ਪੱਥਰ ਦੀ ਮੂਰਤੀ ਨੂੰ ਪ੍ਰਮਾਤਮਾ ਸਮਝ ਕੇ ਸੇਵਾ ਕਰਕੇ ਮਨੁੱਖ ਅਪਣਾ ਜੀਵਨ ਬੇਅਰਥ ਗੁਆ ਲੈਂਦਾ ਹੈ, ਮੂਰਤੀ ਪੂਜਾ ਮਨੁੱਖ ਦੀ ਬਹੁਤ ਵੱਡੀ ਭੁੱਲ ਅਤੇ ਬੇ ਸਮਝੀ ਹੈ =
ਜੋ ਪਾਥਰ ਕਉ ਕਹਤੇ ਦੇਵ।ਤਾਕੀ ਬਿਰਥਾ ਹੋਵੈ ਸੇਵ।ਜੋ ਪਾਥਰ ਕੀ ਪਾਂਈ ਪਾਇ।ਤਾਕੀ ਘਾਲ ਅਜਾਂਈ ਜਾਇ।...ਫੋਕਟ ਕਰਮ ਨਿਹਫਲ ਹੈ ਸੇਵ ੧੧੬੦।ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।ਨਾਰਦਿ ਕਹਿਆ ਸਿ ਪੂਜ ਕਰਾਂਹੀ।ਅੰਧੇ ਗੁੰਗੇ ਅੰਧ ਅੰਧਾਰੁ।ਪਾਥਰੁ ਲੇ ਪੂਜਹਿ ਮੁਗਧ ਗਵਾਰ।ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ।(ਮ. ੧, ੫੫੬)।ਹਰੇਕ ਮੂਰਤ ਜਾਂ ਬੁੱਤ ਦਾ ਕੋਈ ਕਰਤਾ ਹੈ ਅਤੇ ਇਹ ਕਾਲ ਵਸ ਹਨ, ਪਰ ਪ੍ਰਮਾਤਮ ਮੂਰਤ ਦਾ ਕੋਈ ਕਰਤਾ ਨਹੀ।ਪ੍ਰਮਾਤਮਾ ਅਪਣੇ ਆਪ ਨੂੰ ਆਪ ਖੁਦ ਸਾਜਣ ਵਾਲਾ ਹੈ। ਪ੍ਰਮਾਤਮ ਮੂਰਤ ਹੀ ਸਤਿ ਹੈ, ਬਾਕੀ ਸਭ ਮੂਰਤਾਂ ਮੁੱਕ ਜਾਣ ਵਾਲੀਆਂ ਹਨ, ਕੇਵਲ ਇਕ ਨਿਰੰਕਾਰ ਕਦੇ ਨਾਸ਼ ਨਹੀ ਹੁੰਦਾ =
ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ, ਹੈ ਭੀ ਹੋਵਨਹਾਰਾ (੬੦੯)।ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ (੧੦੩੮)।
ਔਰ ਸੁ ਕਾਲ ਸਭੈ ਬਸਿ ਕਾਲ ਕੇ, ਏਕ ਹੀ ਕਾਲ ਅਕਾਲ ਸਦਾ ਹੈ (ਬਚਿਤ੍ਰ ਨਾਟਕ ਪਾ. ੧੦)।

ਕਾਲ ਦੀ ਪ੍ਰੀਭਾਸ਼ਾ = ਵਿਚਾਰਵਾਨਾਂ ਨੇ ਕਾਲ ਨੂੰ ਮਹਾਂਬਲੀ ਕਿਹਾ ਹੈ।ਮਨੁੱਖ ਕਾਲ ਦੀ ਗਤੀ ਵਿਚ ਵੱਡਾ ਹੁੰਦਾ ਹੈ ਅਤੇ ਮਰ ਜਾਂਦਾ ਹੈ ,ਕਾਲ ਇਕ ਭਿਆਨਕ ਦੈਂਤ ਹੈ, ਜੋ ਮੂੰਹ ਅੱਡ ਕੇ ਸਾਰੀ ਦੁਨੀਆਂ ਨੂੰ ਖਾਈ ਜਾਂਦਾ ਹੈ।ਦਿਨ ਤੋਂ ਪਹਿਰ, ਪਹਿਰ ਤੋਂ ਘੜੀਆਂ ਅਤੇ ਘੜੀਆਂ ਤੋਂ ਪਲ ਪਲ ਕਰਕੇ ਸਮਾਂ ਲੰਘਦਾ ਜਾਂਦਾ ਹੈ {ਦਿਨ ਤੇ ਪਹਰ ਪਹਰ ਤੇ ਘਰੀਆਂ, ਆਵ ਘਟੈ ਤਨੁ ਛੀਜੈ ੬੯੨}।ਕਾਲ ਨਿਰੰਤਰ ਅਨੰਤ ਵਹਿਣ ਹੈ, ਇਸ ਦੀ ਕੋਈ ਮਿਆਦ ਜਾਂ ਅਵਧੀ ਨਹੀਂ, ਇਹ ਨਾ ਰੁਕਣ ਵਾਲਾ ਪ੍ਰਵਾਹ ਹੈ।ਗੁਰਮਤਿ ਵਿਚ ਕਾਲ ਨੂੰ ਸੂਰਜ ਤੇ ਧਰਤੀ ਦੀ ਚਾਲ ਦੇ ਆਧਾਰ ਤੇ ਵਿਸਿਆਂ, ਚਸਿਆਂ, ਘੜੀਆਂ, ਪਹਿਰਾਂ, ਥਿਤਾਂ, ਦਿਨਾਂ ਰਾਤਾਂ ਅਤੇ ਮਹੀਨਿਆਂ ਵਿਚ ਵੰਡਿਆ ਹੋਇਆ ਹੈ {ਵਿਸੁਏ ਚਸਿਆ ਘੜੀਆਂ ਪਹਰਾ, ਥਿਤੀ ਵਾਰੀ ਮਾਹੁ ਹੋਆ।ਸੂਰਜ ਏਕੋ ਰੁਤਿ ਅਨੇਕ ੧੨}।ਜਗਤ ਦੇ ਹੋਂਦ ਵਿਚ ਆਉਣ ਤੇ ਕਾਲ ਦੀ ਵੀ ਰਚਨਾ ਹੁੰਦੀ ਹੈ {ਕਾਲੁ ਅਕਾਲੁ ਖਸਮ ਕਾ ਕੀਨ੍ਹਾ ਇਹੁ ਪਰਪੰਚੁ ਬਧਾਵਨੁ ੧੧੦੪ ਭਾਵ 'ਕਾਲ' ਕਾਲ ਰਹਿਤ ਮਾਲਕ (ਨਿਰੰਕਾਰ) ਦਾ ਪੈਦਾ ਕੀਤਾ ਹੋਇਆ ਹੈ, ਜੋ ਸ੍ਰਿਸਟੀ ਨੂੰ ਨਾਸ਼ ਕਰਨ ਵਾਸਤੇ ਹੈ}।ਧਰਤੀ ਦਾ ਸੂਰਜ ਦੁਆਲੇ ਘੁੰਮਣ ਕਰਕੇ ਰੁੱਤਾਂ, ਥਿਤਾਂ ਅਤੇ ਦਿਨ ਰਾਤ ਦੇ ਲਗਾਤਾਰ ਪ੍ਰਵਾਹ ਚਲਣ ਕਰਕੇ ਕਾਲ ਦਾ ਵਿਕਾਸ ਸ਼ੁਰੂ ਹੋ ਗਿਆ {ਰਾਤੀ ਰੁਤੀ ਥਿਤੀ ਵਾਰ (ਜਪੁਜੀ) ੭}।ਕਾਲ ਦਾ ਆਧਾਰ ਧਰਤੀ ਅਤੇ ਸੂਰਜ ਦੀ ਗਤੀਸ਼ੀਲਤਾ ਹੈ, ਗੁਰਮਤਿ ਅਨੁਸਾਰ ਸਾਰਾ ਬ੍ਰਹਿਮੰਡ ਹੀ ਗਤੀਸ਼ੀਲ ਹੈ।ਗਤੀ ਦੀ ਸਮਾਪਤੀ ਸੰਸਾਰ ਅਤੇ ਕਾਲ ਦੀ ਸਮਾਪਤੀ ਹੈ, ਇਹੋ ਪਰਲੋਂ ਹੈ।ਜੋ ਪ੍ਰਮਾਤਮਾ ਦੀ ਅੱਖ ਦੇ ਇਕ ਫੋਰ ਨਾਲ ਹੀ ਹੋ ਜਾਂਦੀ ਹੈ ਤੇ ਇਕ ਫੋਰ ਵਿਚ ਹੀ ਜਗਤ ਦੁਬਾਰੇ ਫਿਰ ਹੋਂਦ ਵਿਚ ਆ ਜਾਂਦਾ ਹੈ {ਹਰਨ ਭਰਨ ਜਾਕਾ ਨੇਤ੍ਰ ਫੋਰ ੨੮੪}।ਜਗਤ ਦੇ ਉਪਜਣ ਅਤੇ ਬਿਨਸਨ ਵਿਚਲੀ ਅਵਧੀ ਨੂੰ ਕਾਲ ਕਿਹਾ ਹੈ, ਜਿਸ ਵਿਚ ਅਨੇਕਾਂ ਘਾੜਤਾਂ ਬਣਦੀਆਂ, ਵਿਕਸਿਤ ਹੁੰਦੀਆਂ ਅਤੇ ਬਿਨਸਦੀਆਂ ਰਹਿੰਦੀਆਂ ਹਨ।ਗੁਰਬਾਣੀ ਅਨੁਸਾਰ ਕਾਲ ਅਨਾਦੀ ਨਹੀਂ, ਆਦਿ ਅੰਤ ਅਤੇ ਸੀਮਤ ਅਵਧੀ ਵਾਲਾ ਹੈ।ਰਚਨਾ ਦੇ ਨਾਲ ਕਾਲ ਸ਼ੁਰੂ ਹੁੰਦਾ ਹੈ ਅਤੇ ਰਚਨਾ ਦੀ ਸਮਾਪਤੀ ਤੇ ਕਾਲ ਦਾ ਵੀ ਅੰਤ ਹੋ ਜਾਂਦਾ ਹੈ।

ਕਾਲ ਤੋਂ ਮੁਕਤੀ ਕਿਵੇਂ = ਵਾਹਿਗੁਰੂ ਦੇ ਸਿਮਰਨ ਤੋਂ ਬਿਨਾ ਕੋਈ ਹੋਰ ਕਰਮ ਕਾਂਡ ਸਾਨੂੰ ਕਾਲ ਤੋਂ ਬਚਾ ਨਹੀ ਸਕਦਾ = ਅਕਾਲ ਮੂਰਤਿ ਰਿਦੈ ਧਿਆਇਦਾ, ਦਿਨੁ ਰੈਨਿ ਜਪੰਥਾ ੧੧੦੧ ; ਕਾਲੁ ਨ ਜੋਹਿ ਸਕੈ ਗੁਣ ਗਾਇ (੨੨੭)। ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ, ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ (ਮ.੪, ੧੬੯)। ਅਕਾਲ ਮੂਰਤ ਕਾਲ ਦੀਆਂ ਹੱਦਾਂ ਤੋਂ ਪਰੇ ਹੈ, ਜੋ ਕਾਲ ਦਾ ਵੀ ਕਾਲ ਹੈ। ਜੋ ਉਸ ਦਾ ਭਜਨ ਕਰਦਾ ਹੈ, ਉਹ ਵੀ ਕਾਲ ਤੋਂ ਰਹਿਤ ਹੋ ਜਾਂਦਾ ਹੈ।

**ਅਜੂਨੀ** = ਸਭ ਜੀਵ ਜੰਤ ਮਨੁੱਖ ਪਸ਼ੂ ਪੰਛੀ ਕੀੜੇ ਮਕੌੜੇ ਅਤੇ ਬਨਸਪਤੀ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਵਿਚ ਪੈਦਾ ਹੁੰਦੇ ਹਨ। ਗੁਰਬਾਣੀ ਵਿਚ ਭਾਵੇਂ ਚਾਰ ਖਾਣੀਆਂ ਦਾ ਜਿਕਰ ਕਈ ਥਾਂ ਆਉਂਦਾ ਹੈ, ਪਰ ਖਾਣੀਆਂ ਦੀ ਗਿਣਤੀ ਵੀ ਬਹੁਤ ਮੰਨੀ ਗਈ ਹੈ {ਕੇਤੀਆ ਖਾਣੀ ਕੇਤੀਆਂ ਬਾਣੀ (ਜਪੁ ਜੀ ੭)}। ਚਾਰ ਖਾਣੀਆਂ ਨੂੰ ਵੀ ਦੋ ਭਾਗਾਂ ਵਿਚ ਵੰਡਿਆ ਹੈ, ਯੋਨੀਜਾ (ਆਂਡਿਆਂ ਅਤੇ ਜੇਰਜ ਤੋਂ ਪੈਦਾ ਹੋਣ ਵਾਲੇ ਜੀਵ)। ਅਜੋਨੀਜਾ (ਸੇਤਜ ਅਤੇ ਉਤਭੁਜ, ਪੌਦਿਆਂ ਵਾਂਙ ਪੈਦਾ ਹੋਣ ਵਾਲੇ)। ਪ੍ਰਮਾਤਮਾ ਖਾਣੀਆਂ ਵਿਚ ਪੈਦਾ ਹੋਣ ਵਾਲੇ ਜੀਵਾਂ ਦਾ ਆਦਿ ਕਾਰਨ ਹੈ, ਪਰ ਆਪ ਕਿਸੇ ਯੋਨੀ (ਖਾਣੀ) ਤੋਂ ਪੈਦਾ ਨਹੀਂ ਹੁੰਦਾ। ਇਸ ਕਰਕੇ ਉਸ ਨੂੰ ਅਜੂਨੀ ਕਿਹਾ ਹੈ। 'ਅਜੂਨੀ' ਸੰਸਕ੍ਰਿਤ ਪਦ ਅਯੋਨਿ ਦਾ ਪ੍ਰਾਕ੍ਰਿਤਕ ਅਤੇ ਪੰਜਾਬੀ ਰੂਪ ਹੈ।

ਅਰਥ = ਬਿਨਾ ਆਦਿ ਕਾਰਣ ਦੇ, ਸਦੀਵ। ਗਰਭ ਜਾਂ ਕੁੱਖ ਤੋਂ ਜਨਮ ਨਾ ਲੈਣ ਵਾਲਾ। ਜਨਕ ਦੀ ਪੁਤ੍ਰੀ ਦਾ ਨਾਮ ਜਿਹੜੀ ਖੇਤ ਦੇ ਇਕ ਸਿਆੜ ਤੋਂ ਜਨਮੀ ਸੀ। ਪਦਮ ਪੁਰਾਣ ਵਿਚ ਸ਼ਿਵ ਦਾ ਨਾਮ, ਬ੍ਰਹਮਾ ਅਤੇ ਵਿਸ਼ਨੂੰ ਲਈ ਵੀ ਅਜੂਨੀ ਸ਼ਬਦ ਹਿੰਦੂ ਕੋਸ਼ਾਂ ਵਿਚ ਵਰਤਿਆ ਮਿਲਦਾ ਹੈ। ਗੁਰਬਾਣੀ ਵਿਚ ਅਜੂਨੀ ਪਦ ਕੇਵਲ ਪ੍ਰਮਾਤਮਾ ਲਈ ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ = ਕਾਰਣ ਰਹਿਤ, ਆਦਿ ਰਹਿਤ, ਗਰਭ ਰਹਿਤ, ਜਨਮ ਰਹਿਤ, ਅਤੇ ਜੂਨ ਰਹਿਤ। ਸਾਰੀ ਗੁਰਬਾਣੀ ਵਿਚ ਅਜੂਨੀ ਸ਼ਬਦ ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਜਾਂ ਜਨਕ ਦੀ ਪੁਤ੍ਰੀ ਸੀਤਾ ਲਈ ਕਿਤੇ ਨਹੀ ਵਰਤਿਆ ਗਿਆ, ਕਿਉਂਕਿ ਸਾਰੀ ਰਚਨਾ, ਸਣੇ ਦੇਵੀ ਦੇਵਤੇ, ਅਵਤਾਰ ਮਾਂ ਦੀ ਕੁੱਖੋਂ ਜਨਮ ਲੈਂਦੇ ਹਨ ਅਤੇ ਕਾਲ ਵਸ ਹਨ {ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ੮੭੨}, ਮਾਤਾ ਪਿਤਾ ਦੇ ਆਪਸੀ ਸਬੰਧ ਤੋਂ ਬਿਨਾ ਕੋਈ ਵੀ ਪੈਦਾ ਨਹੀ ਹੁੰਦਾ। ਕੇਵਲ ਅਕਾਲ ਪੁਰਖ ਹੈ, ਜਿਸ ਦੀ ਪੈਦਾਇਸ਼ ਦਾ ਕੋਈ ਕਾਰਣ ਨਹੀਂ ਅਤੇ ਜਨਮ ਜੂਨ ਤੋਂ ਸੁਤੰਤਰ ਹੈ {ਨਾ ਤਿਸੁ ਬਾਪੁ ਨ ਮਾਇ, ਕਿਨਿ ਤੂੰ ਜਾਇਆ ੧੨੭੯}। ਅਜੂਨੀ ਦਾ ਵਿਸ਼ੇਸ਼ ਤੌਰ ਤੇ ਹਿੰਦੂ ਧਰਮ ਦੇ ਉਸ ਵਿਸ਼ਵਾਸ ਦਾ ਖੰਡਨ ਹੈ, ਜਿਸ ਅਨੁਸਾਰ ਪ੍ਰਮਾਤਮਾ ਸਮੇਂ ਸਮੇਂ ਅਵਤਾਰ ਧਾਰ ਕੇ ਧਰਤੀ ਤੇ ਵਿਚਰਦਾ ਹੈ {ਸੋ ਮੁਖੁ ਜਲਉ ,ਜਿਤੁ ਕਹਹਿ ਠਾਕੁਰੁ ਜੋਨੀ ੧੧੩੬}।

ਇਸਲਾਮ ਵਿਚ ਸ਼ੀਆ ਸੰਪ੍ਰਦਾ ਅਵਤਾਰ ਵਾਦ ਵਿਚ ਵਿਸ਼ਵਾਸ ਰਖਦੀ ਹੈ। ਹਜਰਤ ਮੁਹੰਮਦ ਸਾਹਿਬ ਦੇ ਜੁਆਈ ਅਲੀ ਨੂੰ ਮੁਹੰਮਦ ਸਾਹਿਬ ਦਾ ਜਾਨਸ਼ੀਨ ਅਤੇ ਅਲੀ ਦੇ ਮੁਰੀਦਾਂ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਪੁਤ੍ਰਾਂ ਅਲ ਹਸਨ ਤੇ ਅਲ ਹੁਸੈਨ ਨੂੰ ਨਬੀ ਮੰਨਣਾ ਸ਼ੁਰੂ ਕਰ ਦਿਤਾ। ਸ਼ੀਆ ਮੁਸਲਮਾਨ ਮੰਨਦੇ ਹਨ ਕਿ ਖੁਦਾ ਖੁਦ ਆ ਕੇ ਮੁਹੰਮਦ ਸਾਹਿਬ ਦਾ ਜੁਆਈ ਬਣਿਆ।

ਹਿੰਦੂ ਅਵਤਾਰਵਾਦ = ਹਿੰਦੂ ਧਰਮ ਵਿਚ ਅਵਤਾਰਵਾਦ ਦਾ ਪ੍ਰਤੱਖ ਪ੍ਰਮਾਣ ਪ੍ਰਾਪਤ ਹੈ, ਰਾਮਾਇਣ, ਮਹਾਂਭਾਰਤ ਅਤੇ ਪੁਰਾਣਾਂ ਵਿਚ ਪ੍ਰਮਾਤਮਾ ਅਤੇ ਦੇਵੀ ਦੇਵਤੇ ਧਰਤੀ ਦੇ ਪਾਪਾਂ ਦਾ ਭਾਰ ਉਤਾਰਨ ਲਈ ਸਮੇਂ ਸਮੇਂ ਅਵਤਾਰ ਧਾਰਦੇ ਦਸੇ ਗਏ ਹਨ। ਉਪਨਿਸ਼ਦਾਂ ਵਿਚ ਅਵਤਾਰਵਾਦ ਦਾ ਜਿਕਰ ਨਹੀਂ ਮਿਲਦਾ, ਉਪਨਿਸ਼ਦਾਂ ਵਿਚ ਪ੍ਰਮਾਤਮਾ ਨੂੰ ਅਜਨਮਾ, ਅਜੂਨੀ ਅਤੇ ਅਕਾਰਨ ਭਾਵਾਂ ਵਿਚ ਵਿਅਕਤ ਕੀਤਾ ਹੈ। ਭਗਵਦ ਗੀਤਾ ਵਿਚ ਲਿਖਿਆ ਹੈ ਕਿ ਪ੍ਰਮਾਤਮਾ ਹਰ ਜੁਗ ਵਿਚ ਅਵਤਾਰ ਧਾਰਦਾ ਹੈ, ਤਾਂ ਕਿ ਭਲਾਈ ਵਿਚ ਵਾਧਾ ਅਤੇ ਬੁਰਾਈ ਦਾ ਖਾਤਮਾ ਹੋ ਸਕੇ। ਅਵਤਾਰ ਵੀ ਸਮੇਂ ਅਨੁਸਾਰ ਘਟ ਵਧ ਸ਼ਕਤੀ ਵਾਲੇ ਪੈਦਾ ਹੁੰਦੇ ਦਸੇ ਗਏ ਹਨ। ਹਿੰਦੂ ਗ੍ਰੰਥਾਂ ਵਿਚ ਵਿਸ਼ਨੂੰ ਦੇ ਦਸ ਅਵਤਾਰਾਂ ਦਾ ਹਵਾਲਾ ਆਮ ਮਿਲਦਾ ਹੈ, ਜਿਨ੍ਹਾਂ ਵਿਚੋਂ ਨੌਂ ਹੋ ਚੁਕੇ ਹਨ ਅਤੇ ਦਸਵਾਂ ਕਲਕੀ ਅਵਤਾਰ ਕਲਜੁਗ ਦੇ ਅਖੀਰ ਵਿਚ ਪੈਦਾ ਹੋਣਾ ਦਸਿਆ ਜਾਂਦਾ ਹੈ। ਹੋ ਚੁਕੇ ਨੌਂ ਅਵਤਾਰ = ਮੱਛ, ਕੱਛ, ਬਰਾਹ (ਸੂਰ), ਨਰ ਸਿੰਗ, ਵਾਮਨ (ਬੌਣਾ), ਪਰਸਰਾਮ, ਰਾਮ ਚੰਦਰ, ਕ੍ਰਿਸ਼ਨ ਅਤੇ ਬੁੱਧ। ਮਹਾਂ ਭਾਰਤ ਵਿਚ ਨੌਂ ਅਵਤਾਰਾਂ ਦਾ ਜਿਕਰ ਹੈ, ਪਰ ਬੁੱਧ ਦਾ ਨਹੀਂ। ਭਗਵਤ ਗੀਤਾ ਵਿਚ ਪ੍ਰਮਾਤਮਾ ਦੇ ਅਨੇਕਾਂ ਜਨਮਾਂ ਦਾ ਹਵਾਲਾ ਮਿਲਦਾ ਹੈ। ਵਾਮਨ ਅਵਤਾਰ ਦਾ ਉਲੇਖ ਰਿਗ ਵੇਦ ਵਿਚ ਵੀ ਮਿਲਦਾ ਹੈ, ਪੁਰਾਣਾਂ ਅਨੁਸਾਰ ਹਰੇਕ ਅਵਤਾਰ ਵਿਚ ਵਿਸ਼ਨੂ ਖੁਦ ਜਨਮ ਲੈਂਦਾ ਹੈ, ਤਾਂ ਕਿ ਦੁਨੀਆਂ ਦਾ ਭਲਾ ਹੋ ਸਕੇ। ਗੁਰਬਾਣੀ ਅਨੁਸਾਰ ਇਨ੍ਹਾਂ ਸਾਰਿਆਂ ਨੇ ਸੰਸਾਰ ਦਾ ਭਲਾ ਕੀਤਾ, ਜੁਲਮ ਦਾ ਨਾਸ਼ ਕਰਨਾ ਚਾਹਿਆ, ਪਰ ਬਾਦ ਵਿਚ ਗ੍ਰੰਥਾਂਕਾਰਾਂ ਨੇ ਇਨ੍ਹਾਂ ਨੂੰ ਰੱਬ ਰੂਪ ਬਣਾ ਦਿਤਾ {ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ। ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ੪੨੩} ਭਾਵ ਰਾਮ ਚੰਦਰ ਅਤੇ ਕ੍ਰਿਸ਼ਨ ਜੀ ਅਪਨੇ ਸਮੇਂ ਦੀਆਂ ਪਰਉਪਕਾਰੀ ਅਤੇ ਮਹਾਨ ਹਸਤੀਆਂ ਹੋਈਆਂ ਹਨ, ਲੋਕ ਉਨ੍ਹਾਂ ਨੂੰ ਰੱਬ ਦੇ ਅਵਤਾਰ ਮੰਨ ਕੇ ਗੁਣ ਗਾਉਂਦੇ ਹਨ, ਪਰ ਉਨ੍ਹਾਂ ਅਵਤਾਰਾਂ ਨੇ ਵੀ ਰੱਬ ਦਾ ਅੰਤ ਨਹੀ ਪਾਇਆ {ਅਵਤਾਰ ਨ ਜਾਨਹਿ ਅੰਤੁ ੮੯੪}। ਵਿਸ਼ਨੂੰ-ਨਾਰਾਇਣ ਅਤੇ ਸ਼ਿਵ ਦੇ ਅਵਤਾਰਾਂ ਤੋਂ ਬਿਨਾ ਹੋਰ ਅਨੇਕਾਂ ਅਵਤਾਰਾਂ ਅਤੇ ਅੰਸ਼ ਅਵਤਾਰਾਂ ਦਾ

ਵਰਨਣ ਰਾਮਾਇਣ, ਮਹਾਂਭਾਰਤ ਅਤੇ ਹੋਰ ਵੀ ਹਿੰਦੂ ਗ੍ਰੰਥਾਂ ਵਿਚ ਮਿਲਦਾ ਹੈ। ਬਹੁਤ ਸਾਰੇ ਪਰਉਪਕਾਰੀ ਅਤੇ ਸਾਧੂ ਸੰਤਾਂ ਨੂੰ ਦੇਵਤਿਆਂ ਦੇ ਅਵਤਾਰ ਦਸਿਆ ਗਿਆ ਹੈ, ਜਿਵੇਂ ਰਾਮਾਇਣ ਵਿਚ ਹਨੂਮਾਨ ਨੂੰ ਪਵਨ ਦੇਵ ਦਾ ਪੁਤ੍ਰ ,ਬਾਲੀ ਨੂੰ ਇੰਦਰ ਦਾ, ਸੁਗ੍ਰੀਵ ਨੂੰ ਸੂਰਜ ਦਾ ਪੁਤ੍ਰ ਕਿਹਾ ਹੈ। ਮਹਾਂਭਾਰਤ ਵਿਚ ਭੀਮ ਨੂੰ ਵਰਣ ਦੇਵ ਦਾ, ਅਰਜਨ ਨੂੰ ਇੰਦਰ ਦਾ, ਕਰਣ ਨੂੰ ਸੂਰਜ ਦਾ, ਯੁਧਿਸਟਰ ਨੂੰ ਧਰਮਰਾਜ ਦਾ ਪੁਤ੍ਰ ਕਿਹਾ ਹੈ। ਵਿਸ਼ਨ ਪੁਰਾਣ ਅਨੁਸਾਰ ਹਰਣਾਕਸ਼ ਜਿਸ ਨੂੰ ਵਿਸ਼ਨੂੰ ਨੇ ਨਰ ਸਿੰਗ ਦਾ ਅਵਤਾਰ ਲੈ ਕੇ ਮਾਰਿਆ ਸੀ, ਉਹੀ ਹਰਣਾਕਸ਼ ਰਾਵਣ ਦੇ ਰੂਪ ਵਿਚ ਜਨਮਿਆ ਅਤੇ ਤੀਜੀ ਵਾਰ ਸ਼ਿਸੁਪਾਲ ਦੇ ਰੂਪ ਵਿਚ ਜਨਮਿਆ ਜਿਸ ਨੂੰ ਕ੍ਰਿਸਨ ਜੀ ਨੇ ਮਾਰਿਆ। ਸ਼ਿਵ ਜੀ ਦੇ ਅਵਤਾਰ ਧਾਰਨ ਦੀਆਂ ਵੀ ਬਹੁਤ ਕਹਾਣੀਆਂ ਲਿਖੀਆਂ ਮਿਲਦੀਆਂ ਹਨ, ਪਰ ਇਨ੍ਹਾਂ ਦੀ ਮਹੱਤਤਾ ਵਿਸ਼ਨੂ ਦੇ ਅਵਤਾਰਾਂ ਨਾਲੋਂ ਘਟ ਹੈ। ਹਿੰਦੂਆਂ ਦੀ ਬਹੁ ਗਿਣਤੀ ਅੱਜ ਵੀ ਰੱਬ ਨਾਲੋਂ ਵਧੇਰੇ ਅਵਤਾਰਾਂ ਦੀਆਂ ਮੂਰਤੀਆਂ ਬਣਾ ਕੇ ਜਾਂ ਘਰਾਂ ਵਿਚ ਫੋਟੋਆਂ ਰੱਖ ਕੇ ਪੂਜਦੀ ਹੈ। ਗੁਰਬਾਣੀ ਦਾ ਵਾਕ ਹੈ = {ਕੋਟਿ ਬਿਸਨ ਅਵਤਾਰ, ਸੰਕਰ ਜਟਾਧਾਰ ੪੫੫ ; ਕੋਟਿ ਬਿਸਨ ਕੀਨੇ ਅਵਤਾਰ ...ਕੋਟਿ ਮਹੇਸ ਉਪਾਇ ਸਮਾਏ ੧੧੫੬}, ਕ੍ਰੋੜਾਂ ਹੀ ਵਿਸ਼ਨੂੰ ਅਤੇ ਸ਼ਿਵ ਜੀ ਦੇ ਅਵਤਾਰ ਹੋਏ ਹਨ।

ਏਕ ਸਿਵ ਭਏ, ਏਕ ਗਏ, ਏਕ ਫੇਰ ਭਏ, ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।

ਬ੍ਰਹਮਾ ਅਰੁ ਬਿਸਨ ਕੇਤੇ, ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ ਸਮੂਹਨ ਕੈ, ਹੁਇ ਹੁਇ ਬਿਤਏ ਹੈਂ। (ਅ. ਉ. ਪਾ.੧੦)

ਗੁਰਮਤਿ ਵਿਚਾਰ = ਗੁਰਬਾਣੀ ਅਨੁਸਾਰ ਪ੍ਰਮਾਤਮਾ ਅਜੂਨੀ ਭਾਵ ਜਨਮ ਮਰਣ ਤੋਂ ਰਹਿਤ ਹੈ। ਪ੍ਰਮਾਤਮਾ ਤੋਂ ਬਿਨਾ ਸਾਰੀਆਂ ਘਾੜਤਾਂ ਜਨਮ ਲੈ ਕੇ ਅਪਣੀ ਮਿਥੀ ਹੋਈ ਅਵਧੀ ਵਿਚ ਰਹਿ ਕੇ ਬਿਨਸ ਜਾਂਦੀਆਂ ਹਨ। ਕਈ ਆਤਮਾਵਾਂ ਤਾਂ ਪ੍ਰਮਾਤਮਾ ਵਿਚ ਲੀਨ ਹੋ ਜਾਂਦੀਆਂ ਹਨ ਅਤੇ ਕਈ ਦੁਬਾਰਾ ਜਨਮ ਲੈ ਕੇ ਆਵਾਗੌਣ ਵਿਚ ਘੁੰਮਦੀਆਂ ਰਹਿੰਦੀਆਂ ਹਨ। ਪ੍ਰਮਾਤਮਾ ਨਾ ਜਨਮ ਲੈਂਦਾ ਹੈ ਨਾ ਮਰਦਾ ਹੈ, ਜੋ ਜਨਮ ਮਰਨ ਵਿਚ ਨਹੀਂ ਆਉਂਦਾ {ਜਨਮ ਨ ਮਰੈ ਨ ਆਵੈ ਨ ਜਾਇ ੩੭੦ ਅਤੇ ੧੧੩੬}, ਉਹ ਕਿਸੇ ਜੂਨ ਵਿਚ ਵੀ ਕਿਵੇਂ ਆਵੇਗਾ? {ਤੂ ਪਾਰਬ੍ਰਹਮ ਪ੍ਰਮੇਸਰੁ ਜੋਨਿ ਨ ਆਵਹੀ ੧੦੯੫}। ਉਹ ਸਰਬ ਭਰਪੂਰ ਹੈ, ਕਿਸੇ ਇਕ ਮੂਰਤ ਜਾਂ ਇਕ ਅਵਤਾਰ ਦੇ ਰੂਪ ਵਿਚ ਹੀ ਨਹੀਂ, ਸਾਰੀ ਕੁਦਰਤ ਵਿਚ ਮੌਜੂਦ ਹੈ। ਸਾਰਾ ਵਿਸ਼ਵ ਉਸੇ ਦੀ ਮੂਰਤ ਹੈ। ਸਾਰੇ ਅਵਤਾਰ ਮਾਂ ਦੀ ਕੁਖੋਂ ਹੀ ਜਨਮੇ ਹਨ, ਪ੍ਰਮਾਤਮਾ ਸਭ ਥਾਵਾਂ ਤੇ ਵਿਆਪਕ ਹੈ, ਕੋਈ ਵੀ ਅਵਤਾਰ ਸਰਬ ਵਿਆਪਕ ਨਹੀਂ ਹੋ ਸਕਦਾ। ਭਗਵਦ ਗੀਤਾ ਅਨੁਸਾਰ ਸੰਸਾਰ ਵਿਚ ਵਧੇ ਪਾਪ ਨੂੰ ਖਤਮ ਕਰਨ ਲਈ ਪ੍ਰਮਾਤਮਾ ਮਨੁੱਖੀ ਜਾਮੇ ਵਿਚ ਜਨਮ ਲੈਂਦਾ ਹੈ, ਪਰ ਗੁਰਮਤਿ ਪ੍ਰਮਾਤਮਾ ਨੂੰ ਅਜੂਨੀ (ਜਨਮ ਮਰਨ ਤੋਂ ਰਹਿਤ) ਮੰਨਦੀ ਹੈ। ਸ਼ਿਵ ਜੀ ਅਤੇ ਦੁਰਗਾ ਦੇ ਪੂਜਕ ਵਿਸ਼ਨੂੰ ਦੇ ਅਵਤਾਰਾਂ ਨੂੰ ਅਪਣੇ ਇਸ਼ਟ ਨਾਲੋਂ ਚੰਗਾ ਨਹੀ ਮੰਨਦੇ। ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿਚ ਆਖ ਰਹੇ ਹਨ ਕਿ ਸਾਰੀ ਸ੍ਰਿਸਟੀ ਦੇ ਸਿਰਜਨਹਾਰ ਪ੍ਰਮਾਤਮਾ ਦਾ ਰਾਮ ਰੂਪ ਵਿਚ ਅਵਤਾਰ ਧਾਰ ਕੇ ਰਾਵਣ ਨੂੰ ਮਾਰ ਦੇਣਾ ਕਿਹੜੀ ਵਡੀ ਵਡਿਆਈ ਹੈ? ਫਿਰ ਉਸ ਭਗਵਾਨ ਦਾ ਕ੍ਰਿਸ਼ਨ ਰੂਪ ਵਿਚ ਅਵਤਾਰ ਲੈ ਕੇ ਕਾਲੀ ਨਾਗ ਅਤੇ ਕੰਸ ਨੂੰ ਮਾਰ ਦੇਣਾ ਕੋਈ ਵਡੀ ਗੱਲ ਨਹੀਂ। ਸਰਬ ਸਮਰੱਥ ਪ੍ਰਮਾਤਮਾ ਤਾਂ ਰਾਵਣ, ਕਾਲੀ ਨਾਗ ਜਾਂ ਕੰਸ ਨੂੰ ਇਉਂ ਮਾਰ ਸਕਦਾ ਹੈ, ਜਿਵੇਂ ਇਕ ਮਨੁੱਖ ਪੈਰ ਥੱਲੇ ਮਸਲ ਕੇ ਕੀੜੀ ਨੂੰ ਮਾਰ ਦੇਂਦਾ ਹੈ।

ਗੁਰਬਾਣੀ ਦੇ ਪ੍ਰਮਾਣ ਨਿਮਨ ਲਿਖਤ ਹਨ =

ਪਉਣੁ ਉਪਾਇ ਧਰੀ ਸਭ ਧਰਤੀ, ਜਲ ਅਗਨੀ ਕਾ ਬੰਧੁ ਕੀਆ। ਅੰਧੁਲੈ ਦਹਿਸਿਰਿ ਮੂੰਡੁ ਕਟਾਇਆ, ਰਾਵਣੁ ਮਾਰਿ ਕਿਆ ਵਡਾ ਭਇਆ (੩੫੦)। ਜੀਅ ਉਪਾਇ ਜੁਗਤਿ ਹਥਿ ਕੀਨੀ, ਕਾਲੀ ਨਥਿ ਕਿਆ ਵਡਾ ਭਇਆ (੩੫੦)।

ਕਬੀਰ ਜੀ ਆਖਦੇ ਹਨ ਕਿ ਪ੍ਰਮਾਤਮਾ ਨੂੰ ਕੋਈ ਦੁਖ ਆਦਿ ਨਹੀ ਲਗਦਾ ਅਤੇ ਨਾ ਹੀ ਜੋਨ ਵਿਚ ਪੈਂਦਾ ਹੈ =

ਸੰਕਟ ਨਹੀ ਪਰੈ ਜੋਨਿ ਨਹੀਂ ਆਵੈ, ਨਾਮੁ ਨਿਰੰਜਨ ਜਾ ਕੋ ਰੇ। ਕਬੀਰ ਕੋ ਸੁਆਮੀ ਐਸੋ ਠਾਕੁਰੁ, ਜਾ ਕੈ ਮਾਈ ਨ ਬਾਪੋ ਰੇ ੩੩੯।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਪ੍ਰਮਾਤਮਾ ਦਾ ਅਜੋਨੀ ਸੰਕਲਪ =

ਬਿਨ ਕਰਤਾਰ ਨ ਕਿਰਤਮ ਮਾਨੋ। ਆਦਿ ਅਜੋਨਿ ਅਜੈ ਅਬਿਨਾਸੀ, ਤਿਹਿ ਪਰਮੇਸਰ ਜਾਨੋ। (ਸਬਦ ਹਜਾਰੇ ਪਾ. ੧੦)।

ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨੁ ਆਏ। ਤਿਤਯੋ ਕਾਲ ਖਾਪਿਓ ਨ ਤੇ ਕਾਲ ਘਾਏ। (ਬਚਿਤ੍ਰ ਨਾਟਕ ਪਾ. ੧੦)।

ਗੁਰਬਾਣੀ ਅਨੁਸਾਰ ਸਾਰੇ ਦੇਵੀ ਦੇਵਤੇ, ਅਵਤਾਰ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਹਨ ਅਤੇ ਅਪਣਾ ਸਮਾਂ ਬਿਤਾ ਕੇ ਸੰਸਾਰ ਵਿਚੋਂ ਚਲੇ ਜਾਂਦੇ ਹਨ {ਰਾਮੁ ਗਇਓ ਰਾਵਨੁ ਗਇਓ, ਜਾਕਉ ਬਹੁ ਪਰਵਾਰੁ ੧੪੨੯}।

**ਸੈਭੰ** = ਸੈਭੰ ਦਾ ਅਰਥ ਦੋ ਤਰ੍ਹਾਂ ਦਾ ਕੀਤਾ ਜਾਂਦਾ ਹੈ, ਇਕ ਤਾਂ ਸੁਤੇ ਪ੍ਰਕਾਸ਼ ਤੇ ਦੂਜਾ ਅਪਣੇ ਆਪ ਤੋਂ ਪੈਦਾ ਹੋਇਆ। 'ਸੈ' ਸ਼ਬਦ 'ਸਵੈ' ਦਾ ਸੰਖੇਪ ਹੈ, ਜਿਸ ਦਾ ਭਾਵ ਹੈ ਅਪਣੇ ਆਪ। 'ਭੰ' ਭਾ ਦਾ ਹੀ ਰੂਪ ਹੈ ਤੇ ਅਰਥ ਹੈ 'ਪ੍ਰਕਾਸ਼'। ਸੋ ਸੈਭੰ ਦਾ ਅਰਥ ਬਣਦਾ ਹੈ = ਸੁਤੇ ਪ੍ਰਕਾਸ਼ ਜਾਂ ਅਪਣੇ ਆਪ ਪ੍ਰਕਾਸ਼ਨ ਵਾਲਾ ਅਤੇ ਦੂਜਾ ਅਰਥ ਅਪਣੇ ਆਪ ਤੋਂ ਪੈਦਾ ਹੋਇਆ। ਸੈ ਦਾ ਅਰਥ ਸਭ ਨੇ 'ਆਪਣੇ ਆਪ' ਕੀਤਾ ਹੈ, ਪਰ ਭੰ ਦੇ ਅਰਥਾਂ ਵਿਚ ਸੰਮਤੀ ਨਹੀ। ਭੰ ਦਾ ਇਕ ਅਰਥ 'ਹੋਇਆ' ਅਤੇ ਦੂਜਾ 'ਪ੍ਰਕਾਸ਼' ਕੀਤਾ

ਗਿਆ ਹੈ।ਸਾਰੀ ਸ੍ਰਿਸਟੀ, ਸੂਰਜ, ਤਾਰੇ ਅਤੇ ਚੰਦ ਨੂੰ ਵੀ ਪ੍ਰਕਾਸ਼ਦਾ ਹੈ {ਸਭ ਮਹਿ ਜੋਤਿ ਜੋਤਿ ਹੈ ਸੋਇ ੧੩} ਪਰ ਉਸ ਨੂੰ ਕੋਈ ਹੋਰ ਪ੍ਰਕਾਸ਼ ਨਹੀਂ ਦੇਂਦਾ, ਅਪਣੇ ਆਪ ਤੋਂ ਖੁਦ ਹੀ ਪ੍ਰਕਾਸ਼ਵਾਨ ਹੋਇਆ ਹੈ।ਜਿਹੜਾ ਪ੍ਰਮਾਤਮਾ ਮੂਰਤੀ ਵਿਚ ਸਥਾਪਨ ਨਹੀਂ ਹੁੰਦਾ, ਅਵਤਾਰ ਰਾਹੀਂ ਜਾਂ ਕਿਸੇ ਜੂਨ ਵਿਚ ਪ੍ਰਗਟ ਨਹੀਂ ਹੁੰਦਾ, ਬਿਨਾ ਕਿਸੇ ਆਦਿ ਕਾਰਨ ਤੋਂ ਹੈ, ਫਿਰ ਉਹ ਹੋਂਦ ਵਿਚ ਕਿਵੇਂ ਆਉਂਦਾ ਹੈ? ਇਸ ਦਾ ਉਤਰ ਸੈਭੰ ਹੈ ਭਾਵ ਪ੍ਰਮਾਤਮਾ ਅਪਣੇ ਆਪ ਤੋਂ ਪੈਦਾ ਹੋਇਆ, ਅਪਣਾ ਕਾਰਣ ਆਪ ਹੈ, ਸ੍ਵੈ ਪ੍ਰਗਟ ਹੈ, ਸ੍ਵੈ ਸੰਪੂਰਨ ਹੈ, ਕਿਸੇ ਬਾਹਰੀ ਕਾਰਨ ਉਤੇ ਨਿਰਭਰ ਨਹੀਂ ਹੈ।ਸਵੈ ਸਮਰੱਥ ਹੈ, ਅਪਣੇ ਆਪ ਨੂੰ ਆਪ ਸਾਜਦਾ ਹੈ ਅਤੇ ਬਿਨਾ ਅਵਤਾਰ ਧਾਰੇ ਸੰਸਾਰ ਨੂੰ ਅਪਣੇ ਕੰਟਰੋਲ ਵਿਚ ਰਖਦਾ ਹੈ।ਮੂਲ ਮੰਤ੍ਰ ਅਤੇ ਗੁਰਬਾਣੀ ਵਿਚ ਹੋਰ ਜਗ੍ਹਾ ਵੀ 'ਸੈਭੰ' ਪ੍ਰਮਾਤਮਾ ਲਈ ਵਰਤਿਆ ਹੈ, ਹੋਰ ਕਿਸੇ ਦੇਵੀ ਦੇਵਤੇ ਲਈ ਨਹੀਂ।ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਸਕ੍ਰਿਤ ਦੇ ਸਵਯੰਭਵ ਜਾਂ ਸਵਯੰਭੂ ਤੋਂ ਪੰਜਾਬੀ ਰੂਪ ਸੈਭੰ ਬਣਿਆ ਹੈ।ਪ੍ਰਮਾਤਮਾ ਨੂੰ ਜੋਤਿ ਸਰੂਪ ਜਾਂ ਸੈਭੰ ਕਹਿਣ ਤੋਂ ਭਾਵ ਹੈ ਕਿ ਉਹ ਚੇਤਨ ਹੈ ਅਤੇ ਉਸ ਦੀ ਚੇਤਨਤਾ ਅਪਣੇ ਆਪ ਹੈ, ਕਿਸੇ ਹੋਰ ਅਧਾਰ ਤੇ ਨਹੀਂ।ਗੀਤਾ ਅਤੇ ਉਪਨਿਸ਼ਦਾਂ ਵਿਚ ਪ੍ਰਮਾਤਮਾ ਨੂੰ ਪ੍ਰਕਾਸ਼ ਰੂਪ ਕਿਹਾ ਹੈ, ਗੁਰਬਾਣੀ ਵਿਚ ਵੀ ਉਸ ਨੂੰ ਜੋਤ ਸਰੂਪ ਕਿਹਾ ਹੈ {ਜੋਤਿ ਸਰੂਪ ਸਦਾ ਸੁਖ ਦਾਤਾ...੧੦੩੬ ; ਜੋਤਿ ਸਬਾਇਣੁੀਏ, ਤ੍ਰਿਭਵਣ ਸਾਰੇ ਰਾਮ ੮੪੩}।ਗੁਰੂ ਦਸਮੇਸ਼ ਪਾ. ਜੀ ਦਾ ਵਾਕ ਹੈ = ਜਿਮੀ ਜਮਾਨ ਕੇ ਬਿਖੈ, ਸਮਸਤ ਏਕ ਜੋਤਿ ਹੈ (ਅ. ਉ.)।ਅਚਲ ਮੂਰਤਿ ਅਨਭਉ ਪ੍ਰਕਾਸ, ਅਮਿਤੋਜ ਕਹਿਜੈ (ਜਾਪ ਸਾਹਿਬ, ਪਾ. ੧੦)।ਗੁਰੂ ਗ੍ਰੰਥ ਸਾਹਿਬ ਦੇ ਮੂਲ ਮੰਤ੍ਰ ਅਤੇ ਮੰਗਲਾਂ ਵਿਚ ੩੩ ਵਾਰੀ 'ਸੈਭੰ' ਵਰਤਿਆ ਹੈ ਅਤੇ ਗੁਰਬਾਣੀ ਵਿਚ ਸੰਭਵਿਅਉ, ਸੰਭੌ, ਸੰਭਉ, ਸੰਭੂ ਅਤੇ ਆਸੰਭਉ ਆਦਿ ਰੂਪ ਵੀ ਵਰਤੇ ਮਿਲਦੇ ਹਨ = ਅਕਾਲ ਮੂਰਤਿ ਅਜੂਨੀ ਸੰਭਉ... (੯੯)।ਆਪਿ ਅਤੀਤ ਅਜੂਨੀ ਸੰਭਉ... (੧੦੪੨)।ਸਰਬ ਜੋਤਿ ਨਿਰੰਜਨ ਸੰਭੂ... (੫੦੩), ਇਥੇ ਗੁਰੂ ਨਾਨਕ ਦੇਵ ਜੀ ਨੇ ਸੰਭੂ ਨੂੰ ਸੰਸਕ੍ਰਿਤ ਦੇ ਸ੍ਵਯੰਭੂ ਦਾ ਪੰਜਾਬੀ ਰੂਪ ਵਰਤਿਆ ਹੈ।ਆਜੋਨੀ ਸੰਭਵਿਅਉ... (੧੩੯੭)।ਆਸੰਭਉ ਉਦਵਿਅਉ ,ਪੁਰਖੁ ਪੂਰਨ ਬਿਧਾਤਉ (੧੪੦੭)।

ਭਾਈ ਗੁਰਦਾਸ ਜੀ ਨੇ ੩੯ ਵੀਂ ਵਾਰ ਵਿਚ 'ਸੈਭੰ' ਸ਼ਬਦ ਦੀ ਵਰਤੋਂ ਕੀਤੀ ਹੈ =

ਅਕਾਲ ਮੂਰਤਿ ਪਰਤਖਿ ਸੋਇ, ਨਾਉ ਅਜੂਨੀ ਸੈਭੰ ਭਾਇਆ।ਗੁਰੂ ਦਸਮੇਸ਼ ਜੀ ਨੇ ਸੈਭੰ ਦੇ ਅਰਥ ਭਾਵ ਵਾਲਾ ਰੂਪ 'ਸੁਯੰਭਵ' ਸ਼ਬਦ ਵਰਤਿਆ ਹੈ = ਸਰਬ ਵਿਸਵ ਰਚਿਓ ਸੁਯੰਭਵ, ਗੜਨ ਭੰਜਨਹਾਰ ; ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ (ਜਾਪ ਸਾਹਿਬ, ਪਾ. ੧੦)।

ਇਹ ਜੋਤਿ ਸਰਬ ਵਿਦਮਾਨ ਹੈ, ਹਰ ਥਾਂ ਭਰਪੂਰ ਹੈ, ਅਕਾਸ਼, ਪਾਤਾਲ, ਖਾਣੀਆਂ, ਬਾਣੀਆਂ, ਖੰਡਾਂ ਅਤੇ ਜੀਵਾਂ ਜੰਤਾਂ ਸਭ ਵਿਚ ਹੈ {ਖਾਣੀ ਬਾਣੀ ਗਗਨ ਪਾਤਾਲੀ, ਜੰਤਾ ਜੋਤਿ ਤੁਮਾਰੀ ੧੦੧੨}।ਮਨੁੱਖ ਅੰਦਰ ਵੀ ਇਸੇ ਜੋਤ ਦਾ ਅੰਸ਼ ਹੈ, ਜੋ ਮਨੁੱਖ ਦੇ ਜੀਵਨ ਦਾ ਆਧਾਰ ਹੈ ਅਤੇ ਇਸ ਜੋਤਿ ਆਸਰੇ ਹੀ ਮਨੁੱਖ ਸੰਸਾਰ ਵਿਚ ਆਉਂਦਾ ਹੈ {ਹਰਿ ਜੋਤਿ ਰਖੀ ਤੁਧੁ ਵਿਚ, ਤਾਂ ਤੂ ਜਗ ਮਹਿ ਆਇਆ ੯੨੧}।

ਧਰਮ, ਦਰਸ਼ਨ ਅਤੇ ਵਿਗਿਆਨ ਨੇ ਸਾਰੇ ਕਾਰਨਾਂ ਦਾ ਅੰਤਮ ਕਾਰਨ ਲਭਣ ਦੀ ਕੋਸ਼ਿਸ਼ ਕੀਤੀ ਹੈ।ਜਗਤ ਦੀ ਹਰੇਕ ਉਪਜ ਦਾ ਕੋਈ ਨਾ ਕੋਈ ਕਾਰਨ ਅਤੇ ਅਧਾਰ ਹੈ।ਵਿਗਿਆਨ ਨੇ ਸੰਸਾਰ ਦੀ ਹੋਂਦ ਦਾ ਮੂਲ ਕਾਰਨ ਪ੍ਰੋਟੋਨ ਅਤੇ ਪ੍ਰੋਟੋਨ ਦਾ ਕਾਰਨ ਅਕਾਸ਼ ਵਿਚਲੀ ਅਣਹੋਂਦ ਦਸਿਆ ਅਤੇ ਬਾਦ ਵਿਚ ਆਪ ਹੀ ਇਸ ਸਿਧਾਂਤ ਨੂੰ ਰੱਦ ਕਰ ਦਿਤਾ।ਮਨੁੱਖੀ ਸੋਚ-ਵਿਚਾਰ ਅਤੇ ਵਿਗਿਆਨ ਇਕ ਨਿਯਮਤ ਹੱਦ ਦੇ ਅੰਦਰ ਕੰਮ ਕਰਦੇ ਹਨ।ਮਨੁੱਖ ਅਪਣੇ ਸੋਚ ਵਿਚਾਰ ਦੇ ਦਾਇਰੇ ਤੋਂ ਬਾਹਰ ਨਹੀ ਜਾ ਸਕਦਾ, ਮਨੁੱਖੀ ਬੁਧੀ ਪੂਰਨ ਨਹੀਂ ਹੈ।ਕਾਰਨ ਲਭਦਿਆਂ ਹੋਇਆਂ ਅੰਤ ਸਾਨੂੰ ਕਿਸੇ ਅਜੇਹੇ ਕਾਰਨ ਤੇ ਰੁਕਣਾ ਪਏਗਾ, ਜਿਹੜਾ ਅਪਣਾ ਕਾਰਨ ਆਪ ਹੈ ਅਤੇ ਇਹ ਕਾਰਨ ਕੋਈ ਵੀ ਪਦਾਰਥਕ ਅਤੇ ਭੌਤਕ ਨਹੀ ਹੋ ਸਕਦਾ।ਪ੍ਰਮਾਤਮਾ ਹੀ ਇਕ ਪਰਮ ਸ਼ਕਤੀ ਹੈ, ਜੋ ਸਭਦਾ ਮੂਲ ਕਾਰਨ ਹੈ, ਜਿਸ ਦਾ ਕੋਈ ਅਧਾਰ ਨਹੀ, ਉਹ ਅਪਣਾ ਕਾਰਨ ਆਪ ਹੈ {ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ ੨੭੬} ਅਤੇ ਅਪਣੇ ਤੋਂ ਆਪ ਪੈਦਾ ਹੋਇਆ ਹੈ।ਸਵੈ ਨਿਰਭਰ ਅਤੇ ਸਦੀਵ ਹੈ, ਬਾਕੀ ਸਾਰਾ ਸੰਸਾਰ ਜੰਮਦਾ ਮਰਦਾ ਰਹਿੰਦਾ ਹੈ।ਅਜੂਨੀ ਸੈਭੰ ਦੇ ਸੰਕਲਪ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸਿਖਿਆ ਦਿਤੀ ਕਿ ਇਕ ਪ੍ਰਮਾਤਮਾ ਹੀ ਜਨਮ ਮਰਣ ਦੇ ਚੱਕਰ ਤੋਂ ਮੁਕਤ ਹੈ ਤੇ ਬ੍ਰਹਮਾ, ਸ਼ਿਵ, ਬਿਸ਼ਨ, ਰਾਮ ਚੰਦਰ ਅਤੇ ਕ੍ਰਿਸ਼ਨ ਨੂੰ ਵੀ ਪੈਦਾ ਕਰਨ ਵਾਲਾ ਹੈ।ਅਜੂਨੀ ਸੈਭੰ ਪ੍ਰਮਾਤਮਾ ਅਵਤਾਰਾਂ ਰਾਹੀਂ ਜਨਮ ਨਹੀਂ ਲੈਂਦਾ, ਨਾ ਹੀ ਉਹ ਮਾਂ ਬਾਪ ਦਾ ਜਾਇਆ ਹੈ, ਉਸ ਦਾ ਕੋਈ ਰੂਪ ਨਹੀਂ, ਵਰਣ ਨਹੀਂ, ਭੁੱਖ ਪਿਆਸ ਨੀਂਦ ਤੋਂ ਵੀ ਮੁਕਤ ਹੈ = ਨਾ ਤਿਸੁ ਬਾਪੁ ਨ ਮਾਇ, ਕਿਨਿ ਤੂ ਜਾਇਆ।ਨਾ ਤਿਸੁ ਰੂਪੁ ਨ ਰੇਖ, ਵਰਨ ਸਬਾਇਆ।ਨਾ ਤਿਸੁ ਭੁਖ ਪਿਆਸ, ਰਜਾ ਧਾਇਆ।ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ ੧੨੭੯।(ਮੂਲ ਮੰਤ੍ਰ ਸੰਕਲਪ ਅਤੇ ਵਿਵੇਚਨ, ਡਾ. ਜਗਜੀਤ ਸਿੰਘ ਸਲੂਜਾ, ਵਿਚੋਂ ਕੁਝ ਅੰਸ਼)।

ਗੁਰ ਪ੍ਰਸਾਦਿ = 'ਗੁਰ' ਦਾ ਅਰਥ ਹੈ = ਸਿਖਿਆ ਦਾਤਾ, ਗੁਰ ਮੰਤ੍ਰ ਦਾਤਾ, ਵੱਡਾ, ਪੂਜਨੀਕ, ਜਨੇਊ ਧਾਰਨ ਕਰਾਉਣ ਵਾਲਾ ਪ੍ਰੋਹਤ ਅਤੇ ਗਾਇਤਰੀ ਉਪਦੇਸ਼ਕ ਅਚਾਰੀਆ, ਦੇਵਤਿਆਂ ਨੂੰ ਸਿਖਿਆ ਦੇਣ ਵਾਲਾ ਬ੍ਰਿਹਸਪਤਿ, ਬ੍ਰਹਮਾ, ਵਿਸ਼ਨੂੰ, ਸ਼ਿਵ, ਪ੍ਰਮਾਤਮਾ, ਮੱਤ ਸੰਚਾਲਕ, ਮਾਤਾ ਪਿਤਾ, ਉਚੀ ਪਦਵੀ ਵਾਲਾ। ਗੁ = ਹਨ੍ਹੇਰਾ (ਅਗਿਆਨ ਦਾ), ਰ = ਪ੍ਰਕਾਸ਼, ਅਗਿਆਨਤਾ ਦੇ ਹਨ੍ਹੇਰੇ ਨੂੰ ਗਿਆਨ ਦੇ ਪ੍ਰਕਾਸ਼ ਨਾਲ ਦੂਰ ਕਰਨ ਵਾਲਾ। ਗੁਰੂ ਅਪਣੇ ਸਿਖ ਦੇ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਉਸ ਦੇ ਜੀਵਨ ਨੂੰ ਉਚਾ ਚੁਕ ਕੇ ਮੁਕਤੀ ਤਕ ਪਹੁੰਚਾ ਦੇਂਦਾ ਹੈ। ਗੁਰਮਤਿ ਵਿਚ 'ਗੁਰੂ' ਪਦ ਆਤਮਕ ਸਿਖਿਆ ਦੇਣ ਵਾਲੇ ਮਹਾਨ ਵਿਅਕਤੀ, ਸ਼ਬਦ ਅਤੇ ਅਕਾਲ ਪੁਰਖ ਤਿੰਨਾਂ ਲਈ ਵਰਤਿਆ ਹੈ। ਗੁਰ = ਗੁਰੂ ਦਾ, ਦੀ। ਪ੍ਰਸਾਦਿ = ਕ੍ਰਿਪਾ, ਪ੍ਰਸੰਨਤਾ, ਮੇਹਰ। ਗੁਰ ਪ੍ਰਸਾਦਿ ਦਾ ਅਰਥ ਹੈ = ਗੁਰੂ ਦੀ ਕ੍ਰਿਪਾ ਨਾਲ (ਪ੍ਰਾਪਤ ਹੁੰਦਾ ਹੈ)। ਧਰਮ ਵਿਚ ਵਿਸ਼ਵਾਸ ਰਖਣ ਵਾਲੇ ਸਾਰੇ ਮੱਤਾਂ ਦੇ ਲੋਕ ਗੁਰੂ ਕ੍ਰਿਪਾ, ਪ੍ਰਮਾਤਮਾ, ਸਾਧੂਆਂ ਸੰਤਾਂ ਅਤੇ ਫਕੀਰਾਂ ਦੀ ਅਸ਼ੀਰਵਾਦ ਅਤੇ ਬਖਸਿਸ਼ ਵਿਚ ਵਿਸ਼ਵਾਸ ਰਖਦੇ ਆਏ ਹਨ। ਸਾਰੀ ਬਾਣੀ ੧ੴ ਅਤੇ ਸਤਿ ਦਾ ਵਖਿਆਨ ਹੈ ਜਿਸ ਨੂੰ ਗੁਰ ਪ੍ਰਸਾਦਿ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਪ੍ਰਸਾਦਿ ਦੇ ਦੱਦੇ ਦੀ ਸਿਹਾਰੀ 'ਦੁਆਰਾ ਜਾਂ ਨਾਲ' ਅਰਥ ਦੇਂਦੀ ਹੈ।

'ਗੁਰੂ' ਪਦ ਪ੍ਰਮੇਸਰ ਲਈ ਵੀ ਵਰਤਿਆ ਗੁਰਬਾਣੀ ਵਿਚ ਮਿਲਦਾ ਹੈ = ਗੁਰੁ ਪਰਮੇਸਰੁ ਹੈ ਭੀ ਹੋਗੁ (੮੬੪), ਉਹ ਸਭ ਦਾ ਗੁਰੂ ਹੈ, ਬ੍ਰਹਮਾ ਬਿਸ਼ਨੂੰ ਅਤੇ ਸ਼ਿਵ ਦਾ ਵੀ ਗੁਰੂ ਹੈ, ਸਭ ਦਾ ਸਿਖਿਆ ਦਾਤਾ ਹੈ। ਪ੍ਰਸਾਦਿ = ਸਭ ਤੇ ਕ੍ਰਿਪਾ ਕਰਨ ਵਾਲਾ ਹੈ, ਅਨੰਦ ਸਰੂਪ ਹੈ। ਪ੍ਰਮਾਤਮਾ ਆਪ ਗੁਰੂ ਚੇਤਨ ਸਰੂਪ ਅਗਿਆਨ ਨਾਸ਼ਕ ਅਤੇ ਗਿਆਨ ਦਾ ਪ੍ਰਕਾਸ਼ਕ ਹੈ।

'ਗੁਰ' ਪਦ ਗੁਰੂ ਨਾਨਕ ਦੇਵ ਜੀ ਲਈ ਵੀ ਆਇਆ ਹੈ = ਗੁਰ ਨਾਨਕ ਦੇਵ ਗੋਬਿੰਦ ਰੂਪ (੧੧੯੨)। ਗੁਰੂ ਨਾਨਕ ਦੇਵ ਜੀ ਤੋਂ ਬਾਦ ਦੇ ਗੁਰੂ ਸਾਹਿਬਾਨਾਂ ਲਈ ਵੀ 'ਗੁਰੁ' ਪਦ ਵਰਤਿਆ ਹੈ = ਗੁਰ ਅੰਗਦ ਦੀ ਦੋਹੀ ਫਿਰੀ...(੯੬੭), ਗੁਰ ਅਮਰਦਾਸ ਕੀ ਅਕਥ ਕਥਾ ਹੈ...(੧੪੦੬), ਗੁਰ ਰਾਮਦਾਸ ਰਾਖਹੁ ਸਰਣਾਈ (੧੪੦੬), ਛਤ੍ਰ ਸਿੰਘਾਸਨੁ ਪਿਰਥਮੀ, ਗੁਰ ਅਰਜੁਨ ਕਉ ਆਇਅਉ (੧੪੦੯)। ਸਿਖ ਧਰਮ ਦਾ ਅਰਥ ਗੁਰੂ ਦਾ ਦਸਿਆ ਰਸਤਾ ਹੈ ਅਤੇ 'ਸਿੱਖ' ਗੁਰੂ ਦੇ ਦਸੇ ਰਸਤੇ ਤੇ ਚਲਣ ਵਾਲਾ ਸਾਧਕ ਹੈ। ਗੁਰੂ ਦੇ ਰਸਤੇ ਦੀ ਸੇਧ ਸਿਖ ਨੂੰ ਸ਼ਬਦ ਜਾਂ ਗੁਰ ਬਾਣੀ ਦਸਦੀ ਹੈ ਅਤੇ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜਿਸ ਨੂੰ ਸਿੱਖ ਗੁਰੂ ਰੂਪ ਵਿਚ ਪੂਜਦਾ ਹੈ। 'ਗੁਰੂ' ਸਿਖ ਜੀਵਨ ਅਤੇ ਗੁਰਮਤਿ ਵਿਚਾਰਧਾਰਾ ਦਾ ਅਨਿਖੜਵਾਂ ਅੰਗ ਹੈ। ਆਦਿ ਕਾਲ ਤੋਂ ਹੀ ਮਨੁੱਖ ਨੂੰ ਧਰਮ ਦੀ ਜਾਣਕਾਰੀ ਹਾਸਲ ਕਰਨ ਲਈ ਗੁਰੂ ਦੀ ਲੋੜ ਰਹੀ ਹੈ। ਪੁਰਾਤਨ ਹਿੰਦੂ ਧਰਮ ਗ੍ਰੰਥਾਂ ਵਿਚ ਸੱਚੇ ਗੁਰੂ ਦੀ ਲੋੜ ਤੇ ਬਹੁਤ ਜੋਰ ਦਿਤਾ ਗਿਆ ਹੈ, ਪਰ ਸੱਚੇ ਗੁਰੂ ਦੀ ਮਾਨ ਵਡਿਆਈ ਦੇਖ ਕੇ ਝੂਠੇ ਗੁਰੂ ਵੀ ਮਾਇਆ ਦੇ ਲੋਭ ਵਸ ਹੋ ਕੇ ਅਪਣੇ ਆਪ ਨੂੰ ਗੁਰੂ ਅਖਵਾਉਣ ਲਗ ਜਾਂਦੇ ਹਨ। ਗੁਰੂ ਕਾਲ ਵਿਚ ਵੀ ਦਾਸੂ ਜੀ, ਪ੍ਰਿਥੀ ਚੰਦ, ਧੀਰਮਲ, ਰਾਮਰਾਇ ਆਦਿਕ ਅਪਣੀਆਂ ਗੁਰ ਗੱਦੀਆਂ ਕਾਇਮ ਰੱਖਣ ਲਈ ਕਈ ਤਰ੍ਹਾਂ ਦੇ ਹਥ ਕੰਡੇ ਵਰਤਦੇ ਰਹੇ ਹਨ। ਗੁਰੂ ਰਾਮਦਾਸ ਜੀ 'ਗਉੜੀ ਦੀ ਵਾਰ' ਵਿਚ ਝੂਠੇ ਗੁਰੂਆਂ ਤੋਂ ਸੁਚੇਤ ਰਹਿਣ ਲਈ ਸੁੰਦਰ ਉਪਦੇਸ਼ ਦੀ ਬਖਸ਼ਿਸ ਕਰਦੇ ਹਨ =

ਸਾਹਿਬ ਜਿਸ ਕਾ ਨੰਗਾ ਭੁਖਾ ਹੋਵੈ, ਤਿਸਦਾ ਨਫਰੁ ਕਿਥਹੁ ਰਜਿ ਖਾਏ। ਜਿ ਸਾਹਿਬ ਕੈ ਘਰਿ ਵਥੁ ਹੋਵੈ
ਸੁ ਨਫਰੈ ਹਥਿ ਆਵੈ, ਅਣਹੋਦੀ ਕਿਥਹੁ ਪਾਏ। ਜਿਸਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ, ਸਾ ਸੇਵਾ ਅਉਖੀ ਹੋਈ।
ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ, ਫਿਰਿ ਲੇਖਾ ਮੰਗੈ ਨ ਕੋਈ (੩੦੬)।

ਇਸਾਈ ਮੱਤ ਵਿਚ ਭਾਵੇਂ ਸਿਧੇ ਤੌਰ ਤੇ ਈਸਾ ਜਾਂ ਕਿਸੇ ਹੋਰ ਲਈ ਗੁਰੂ ਪਦ ਨਹੀਂ ਵਰਤਿਆ ਗਿਆ, ਪਰ ਈਸਾ ਲਈ ਰੱਬ ਦਾ ਪੁਤ੍ਰ ਅਤੇ ਉਪਦੇਸ਼ਕ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ, ਜੋ ਕਿ ਗੁਰੂ ਦਾ ਹੀ ਭਾਵ ਰਖਦੇ ਹਨ। ਈਸਾ ਦੇ ਇਕ ਚੇਲੇ ਲੂਕ ਅਨੁਸਾਰ ਕੋਈ ਵੀ ਸਾਧਕ ਪੂਰਨ ਗਿਆਨ ਹਾਸਲ ਕਰਕੇ ਗੁਰੂ ਵਰਗਾ ਤਾਂ ਹੋ ਸਕਦਾ ਹੈ, ਪਰ ਗੁਰੂ ਨਾਲੋਂ ਵੱਡਾ ਨਹੀ ਹੋ ਸਕਦਾ। ਮੈਥਿਊ ਅਨੁਸਾਰ ਕਿਸੇ ਨੂੰ ਵੀ ਅਪਣੇ ਆਪ ਨੂੰ ਗੁਰੂ ਨਹੀਂ ਕਹਾਉਣਾ ਚਾਹੀਦਾ, ਗੁਰੂ ਤਾਂ ਇਕੋ ਇਕ ਮਸੀਹ ਹੈ। ਇਸਾਈ ਲੋਕ ਈਸਾ ਅਤੇ ਰੱਬ ਦੀ ਕਿਰਪਾ ਵਿਚ ਵਿਸ਼ਵਾਸ ਰਖਦੇ ਹਨ। ਰੱਬ ਕ੍ਰਿਪਾ ਕਰਕੇ ਮਨੁੱਖ ਦੇ ਹਜਾਰਾਂ ਪਾਪ ਨਾਸ਼ ਕਰ ਦੇਂਦਾ ਹੈ।

ਇਸਲਾਮ ਵਿਚ ਕੁਰਾਨ ਦੇ ਰਹੀਮ, ਰਹਮਾਨ ਅਤੇ ਕਰੀਮ ਲਫਜ਼ ਰੱਬ ਦੀ ਕ੍ਰਿਪਾ, ਨਦਰ ਜਾਂ ਪ੍ਰਸਾਦਿ ਦੇ ਅਰਥਾਂ ਵਾਲੇ ਹੀ ਹਨ। ਪਰ ਇਸਲਾਮ ਦਾ ਅੱਲਾ ਕੇਵਲ ਮੋਮਨਾਂ (ਇਸਲਾਮ ਵਿਚ ਵਿਸ਼ਵਾਸ ਰਖਣ ਵਾਲਿਆਂ) ਲਈ ਹੀ ਮੇਹਰਵਾਨ ਹੈ, ਉਹ ਕਾਫਰਾਂ (ਇਸਲਾਮ ਵਿਚ ਵਿਸ਼ਵਾਸ ਨਾ ਰਖਣ ਵਾਲਿਆਂ) ਨੂੰ ਭਾਰੀ ਸਜਾਵਾਂ ਦੇਂਦਾ ਹੈ। ਇਸਲਾਮ ਦੀ ਹੀ ਇਕ ਜਮਾਤ ਸੂਫੀ ਮੱਤ ਵਿਚ ਮੁਰਸ਼ਦ, ਔਲੀਆ, ਪੀਰ ਆਦਿ ਗੁਰੂ ਦੇ ਹੀ ਸਮਾਨਅਰਥੀ ਲਫਜ਼ ਹਨ।

ਹਿੰਦੂ ਧਰਮ ਵਿਚ ਗੁਰੂ ਦੀ ਲੋੜ ਅਤੇ ਮਹਾਨਤਾ ਉਪਰ ਬਹੁਤ ਬਲ ਦਿਤਾ ਗਿਆ ਹੈ, ਮਨੂ ਅਨੁਸਾਰ ਮਾਂ ਦੀ ਸੇਵਾ ਤੋਂ ਮਾਤ ਲੋਕ, ਪਿਤਾ ਦੀ ਸੇਵਾ ਤੋਂ ਮੱਧ ਲੋਕ ਅਤੇ ਗੁਰੂ ਦੀ ਸੇਵਾ ਤੋਂ ਬ੍ਰਹਮ ਲੋਕ ਪ੍ਰਾਪਤ ਹੁੰਦੇ ਹਨ। ਹਿੰਦੂ ਧਰਮ ਵਿਚ ਗੁਰੂ ਵਾਰੇ ਇਕ ਸੰਕਲਪ

ਨਹੀਂ ਕਿ ਕਿਸ ਗੁਰੂ ਦਾ ਉਤਮ ਦਰਜਾ ਹੈ।ਮਾਤਾ ਪਿਤਾ, ਸਹੁਰਾ, ਮਾਮਾ, ਚਾਚਾ ਜਾਂ ਕਿਸੇ ਬਜੁਰਗ ਜਾਂ ਅਧਿਆਪਕ ਨੂੰ ਵੀ ਗੁਰੂ ਕਿਹਾ ਹੈ।ਪਰ ਸਮੇਂ ਨਾਲ ਇਹ ਪਦ ਕੇਵਲ ਉਪਦੇਸ਼ਕ ਨਾਲ ਹੀ ਸੀਮਤ ਹੋ ਗਿਆ।ਤਾਂਤ੍ਰਿਕ ਮੱਤਾਂ ਵਿਚ ਵੀ ਗੁਰੂ ਦੀ ਬੜੀ ਮਹਾਨਤਾ ਹੈ, ਜਿਸ ਮਨੁੱਖ ਵਿਚ ਤਾਂਤ੍ਰਿਕ ਸਾਧਨਾ ਕਰਕੇ ਰਿਧੀਆਂ ਸਿਧੀਆਂ ਆਦਿ ਕਰਾਮਾਤੀ ਸ਼ਕਤੀਆਂ ਹੋਣ ਉਸ ਨੂੰ ਵਡਾ ਗੁਰੂ ਸਮਝ ਲਿਆ ਜਾਂਦਾ ਹੈ।ਗੁਰੂ ਦੀ ਪਛਾਣ ਹੀ ਉਸ ਦੇ ਅੰਦਰ ਦੀਆਂ ਕਰਾਮਾਤੀ ਸ਼ਕਤੀਆਂ ਕਰਕੇ ਸਮਝੀ ਜਾਂਦੀ ਰਹੀ ਹੈ।ਵੇਦਾਂ ਅਨੁਸਾਰ ਜਾਤ ਪਾਤ ਦੇ ਖਿਆਲ ਤੋਂ ਬਿਨਾ ਗੁਰੂ ਕਿਸੇ ਨੂੰ ਵੀ ਅਪਣਾ ਸ਼ਿਸ਼ ਬਣਾ ਸਕਦਾ ਹੈ, ਪਰ ਤਾਂਤ੍ਰਿਕ ਮੱਤ ਅਨੁਸਾਰ ਗੁਰੂ ਕਿਸੇ ਨੀਵੀਂ ਜਾਤ ਦੇ ਮਨੁੱਖ ਨੂੰ ਅਪਣਾ ਸ਼ਿਸ਼ ਨਹੀ ਬਣਾ ਸਕਦਾ।ਨਾ ਹੀ ਕੋਈ ਨੀਵੀਂ ਜਾਤ ਦਾ ਮਨੁੱਖ ਅਪਣੀ ਹੀ ਜਾਤ ਦੇ ਬੰਦਿਆਂ ਲਈ ਗੁਰੂ ਬਣ ਸਕਦਾ ਹੈ।ਜੇ ਕੋਈ ਸ਼ੂਦਰ ਕਿਸੇ ਹੋਰ ਸ਼ੂਦਰ ਤੋਂ ਮੰਤ੍ਰ ਲੈਂਦਾ ਹੈ ਤਾਂ ਉਹ ਨਰਕਾਂ ਦਾ ਭਾਗੀ ਬਣ ਕੇ ਦੁਖ ਭੋਗਦਾ ਹੈ।

ਜਿਹੜਾ ਗੁਰੂ ਬਹੁਤ ਯਤਨਾਂ ਨਾਲ ਨਹੀਂ ਮਿਲਦਾ, ਉਹ ਭਾਗ ਜਾਗਣ ਤੇ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ।ਇਹ ਅਵਸਰ ਮਨੁੱਖ ਨੂੰ ਪਿਛਲੇ ਜਨਮਾਂ ਦੇ ਚੰਗੇ ਭਾਗਾਂ ਕਰਕੇ ਪ੍ਰਾਪਤ ਹੁੰਦਾ ਹੈ।ਗੁਰੂ ਹੀ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਹੈ।ਗੁਰੂ ਉਹ ਹੈ ਜਿਹੜਾ ਨਿਰਮਲ ਵੇਸ, ਭਗਵਾਨ ਗਿਆਤਾ, ਭਰਮ ਨਾਸ਼ਕ, ਉਜਲ, ਤ੍ਰਿਕਾਲ ਗਿਆਨੀ, ਦਿਆਲੂ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉਤੇ ਵਿਜੈਤਾ ,ਅਤੀ ਗੰਭੀਰ, ਨਿਤ ਸੰਤੁਸਟ, ਹਸਮੁਖ, ਅਨੰਦ ਦਾਤਾ, ਪਰਮਪਦ ਦਾਤਾ, ਦੁਬਿਧਾ ਅਤੇ ਦੁਵੰਦ ਰਹਿਤ, ਪਖਪਾਤ ਰਹਿਤ, ਨਿਰ ਵਿਕਲਪ, ਰੋਗ ਰਹਿਤ, ਵਰਣ ਆਸ਼ਰਮ ਤੋਂ ਮੁਕਤ ਆਦਿ ਉਤਮ ਗੁਣਾਂ ਦਾ ਮਾਲਕ ਹੋਵੇ।ਸਚੇ ਗੁਰੂ ਤੋਂ ਬਿਨਾ ਮੁਕਤੀ ਨਹੀਂ ਮਿਲਦੀ ,ਸਾਰੇ ਚੰਗੇ ਗੁਣਾਂ ਅਤੇ ਪਵਿਤ੍ਰ ਕਰਮਾਂ ਦਾ ਸੋਮਾ ਗੁਰੂ ਹੈ।

ਗੁਰਮਤਿ ਵਿਚਾਰ = ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਦੀ ਪਰਾਪਤੀ ਕੇਵਲ ਸੱਚੇ ਗੁਰੂ ਤੋਂ ਹੀ ਹੋ ਸਕਦੀ ਹੈ।ਮਨੁੱਖ ਦੀ ਬੁੱਧੀ ਸੀਮਤ ਹੈ, ਅਸੀਮ, ਅਲੱਖ, ਅਗਮ, ਅਗੋਚਰ ਨੂੰ ਨਹੀ ਜਾਣ ਸਕਦੀ {ਕਰਤੇ ਕੀ ਮਿਤ ਨ ਜਾਨੈ ਕੀਆ ੨੮੫}।ਵਾਹਿਗੁਰੂ ਨੂੰ ਜਾਨਣ ਲਈ ਗੁਰੂ ਦੀ ਲੋੜ ਨੂੰ ਬਹੁਤ ਜਰੂਰੀ ਦਸਿਆ ਹੈ, ਗੁਰੂ ਉਹ ਦਿਬ ਦ੍ਰਿਸਟੀ ਪ੍ਰਦਾਨ ਕਰਦਾ ਹੈ, ਜਿਸ ਨਾਲ ਵਾਹਿਗੁਰੂ ਹਰ ਥਾਂ ਵਿਆਪਕ ਨਜਰ ਆਉਣ ਲਗ ਜਾਂਦਾ ਹੈ।ਭਵਜਲ ਤੋਂ ਤਾਰਨ ਲਈ ਗੁਰੂ ਜਹਾਜ ਹੈ, ਧਰਮ ਮਾਰਗ ਤੇ ਚਲਣ ਲਈ ਗੁਰੂ ਦਾ ਗਿਆਨ ਹੀ ਸਹਾਈ ਹੁੰਦਾ ਹੈ।ਗੁਰੂ ਮਨੁੱਖ ਨੂੰ ਦੈਵੀ ਗੁਣਾਂ ਦਾ ਮਾਲਕ ਬਣਾ ਦਿੰਦਾ ਹੈ, ਹਜਾਰਾਂ ਸੂਰਜ ਚੰਦ ਚੜ੍ਹਨ ਦੇ ਬਾਵਜੂਦ ਵੀ ਗੁਰੂ ਤੋਂ ਬਿਨਾ ਮਨ ਦਾ ਹਨ੍ਹੇਰਾ ਦੂਰ ਨਹੀ ਹੋ ਸਕਦਾ {ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ।ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅਧਾਰ ੪੬੩}।ਦੁਨਿਆਵੀ ਗਿਆਨ ਕਿਤਾਬਾਂ ਤੋਂ ਪੜ੍ਹ ਕੇ ਹਾਸਲ ਕੀਤਾ ਜਾ ਸਕਦਾ ਹੈ, ਰੱਬੀ ਗਿਆਨ ਦਾ ਸਬੰਧ ਆਤਮਾ ਨਾਲ ਹੈ, ਇਹ ਕੇਵਲ ਗੁਰੂ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।ਆਤਮਕ ਰਹੱਸ ਖੋਲ੍ਹਣ ਦੀ ਕੁੰਜੀ ਗੁਰੂ ਹੱਥ ਹੈ =

ਗੁਰੁ ਕੁੰਜੀ ਪਾਹੂ ਨਿਵਲੁ, ਮਨੁ ਕੋਠਾ ਤਨੁ ਛਤਿ।ਨਾਨਕ ਗੁਰ ਬਿਨੁ ਮਨ ਕਾ ਤਾਕੁ ਉਘੜੈ, ਅਵਰ ਨ ਕੁੰਜੀ ਹਥ (ਮ.੨, ੧੨੩੭)।ਗੁਰੂ ਹੀ ਮਨੁੱਖ ਦਾ ਰੱਬ ਨਾਲ ਮੇਲ ਕਰਾਉਣ ਲਈ ਵਿਚੋਲਾ ਹੈ = ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ। ਵਿਛੜਿਆ ਮੇਲੇ ਪ੍ਰਭੂ, ਹਰਿ ਦਰਗਹ ਕਾ ਬਸੀਠੁ (੯੫੭)।ਗੁਰੂ ਨਾਨਕ ਦੇਵ ਜੀ ਦਾ ਗੁਰੂ ਹੈ ਅਕਾਲ ਪੁਰਖ, ਗੁਰੂ ਨਾਨਕ ਦੇਵ ਜੀ ਗੁਰੂ ਕਿਰਪਾ ਨਾਲ ਬਾਣੀ ਅਰੰਭ ਕਰਦੇ ਹਨ।ਗੁਰਬਾਣੀ ਵਿਚ ਗੁਰੂ ਤਿੰਨ ਰੂਪਾਂ ਵਿਚ ਪ੍ਰਗਟ ਹੋਇਆ ਮਿਲਦਾ ਹੈ =

੧ ਪਰਮੇਸਰ ਗੁਰੂ = ਗੁਰੁ ਪਰਮੇਸਰ ਏਕ ਹੈ, ਸਭ ਮਹਿ ਰਹਿਆ ਸਮਾਇ (ਮ.੧, ੯੪੩)।

੨. ਵਿਅਕਤੀ ਗੁਰੂ (ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਬਾਦ ਦੇ ਗੁਰੂ ਸਾਹਿਬਾਨ) = ਗੁਰੁ ਨਾਨਕੁ ਜਿਨਿ ਸੁਣਿਆ ਪੇਖਿਆ... (੬੧੨)।ਪਰਸਾਦਿ ਨਾਨਕ ਗੁਰੂ ਅੰਗਦ...(੯੨੩)।ਗੁਰੁ ਅਮਰਦਾਸੁ ਪਰਸੀਐ...(੧੩੯੪)।ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ (੧੪੦੭)।ਤਖਤਿ ਬੈਠਾ ਅਰਜਨ ਗੁਰੂ...(੯੬੯)।

੩. ਸਬਦ ਗੁਰੂ = ਸਬਦੁ ਗੁਰੁ ਪੀਰਾ ਗਹਿਰ ਗੰਭੀਰਾ.... (੬੩੫)।ਸਬਦ ਗੁਰੂ ਸੁਰਤਿ ਧੁਨਿ ਚੇਲਾ (੯੪੩)

ਇਸੇ ਤਰ੍ਹਾਂ ਗੁਰਬਾਣੀ ਵਿਚ 'ਪਰਸਾਦਿ' ਪਦ ਪਰਮਾਤਮਾ ਦੀ ਕਿਰਪਾ, ਪਰਮਾਤਮ ਰੂਪ ਗੁਰੂ ਵਿਅਕਤੀ ਦੀ ਕ੍ਰਿਪਾ ਦੋਹਾਂ ਲਈ ਵਰਤਿਆ ਹੈ।ਗੁਰਬਾਣੀ ਵਿਚ ਗੁਰ ਪ੍ਰਸਾਦਿ, ਗੁਰ ਪ੍ਰਸਾਦੀ, ਗੁਰ ਕ੍ਰਿਪਾ, ਪਰਸਾਦਿ, ਪਰਸਾਦੁ, ਪਰਸਾਦ, ਪ੍ਰਸਾਦ ਅਤੇ ਪ੍ਰਸਾਦੁ ਸ਼ਬਦ ਵਰਤੇ ਮਿਲਦੇ ਹਨ।੧. ਗੁਰ ਪ੍ਰਸਾਦਿ ਨਾਨਕ ਇਕੁ ਜਾਤਾ।(੨੮੯)।੨. ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ (੨੯੫) ।੩. ਜੇ ਉਹ ਅਨਿਕ ਪ੍ਰਸਾਦ ਕਰਾਵੈ।(੮੭੫)।੪. ਪਰਸਾਦਿ ਨਾਨਕ ਗੁਰੂ ਅੰਗਦ, ਪਰਮ ਪਦਵੀ ਪਾਵਹੇ।(੯੨੩)।੪. ਗੁਰ ਪ੍ਰਸਾਦੀ ਹਰਿ ਨਾਮੁ ਸਮ੍ਹਾਲਿ।(੧੧੨੯)।੫. ਗੁਰੁ ਪੂਰਾ ਪੂਰਾ ਪਰਸਾਦ।(੧੧੪੩)।੬. ਇਹੁ ਪਰਸਾਦੁ ਗੁਰੂ ਤੇ ਜਾਣੈ।(੧੨੮੯)।ਗੁਰ ਪ੍ਰਸਾਦਿ ਤੋਂ ਬਿਨਾ ਸਾਧ ਪ੍ਰਸਾਦਿ, ਸੰਤ ਪ੍ਰਸਾਦਿ, ਜਨ ਪ੍ਰਸਾਦਿ ਆਦਿ ਪਦ ਗੁਰੂ ਵਿਅਕਤੀ ਦੀ ਕਿਰਪਾ ਦੇ ਭਾਵ ਪ੍ਰਗਟ ਕਰਦੇ ਹਨ। ਜਿਹ ਪ੍ਰਸਾਦਿ, ਜਿਸ ਪ੍ਰਸਾਦਿ, ਪ੍ਰਭ ਕ੍ਰਿਪਾ ਅਤੇ ਤੁਅ ਪ੍ਰਸਾਦਿ ਪਦ ਪ੍ਰਮੇਸਰ ਦੀ ਕਿਰਪਾ ਦੇ ਅਰਥ ਪ੍ਰਗਟ ਕਰਨ ਵਾਲੇ ਹਨ।ਗੁਰੂ

ਗੋਬਿੰਦ ਸਿੰਘ ਜੀ ਨੇ ਗੁਰ ਪ੍ਰਸਾਦਿ ਦੀ ਜਗ੍ਹਾ ਤਵ ਪ੍ਰਸਾਦਿ ਦੀ ਵਰਤੋਂ ਕੀਤੀ ਹੈ।ਗੁਰੂ ਕ੍ਰਿਪਾ ਅਤੇ ਪ੍ਰਮਾਤਮਾ ਦੀ ਕ੍ਰਿਪਾ ਦਾ ਇਕੋ ਹੀ ਭਾਵ ਹੈ ਕਿਉਂਕਿ ਗੁਰੂ, ਪ੍ਰਮਾਤਮਾ ਦਾ ਹੀ ਰੂਪ ਹੈ ਅਤੇ ਗੁਰੂ ਸੰਸਾਰ ਵਿਚ ਪ੍ਰਮਾਤਮਾ ਦਾ ਪ੍ਰਤੀਨਿਧ ਹੈ {ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ੧੬੯}।ਜਨਮ ਸਾਖੀ ਵਿਚ ਵੇਈ ਨਦੀ ਪ੍ਰਵੇਸ਼ ਵਾਲੀ ਸਾਖੀ ਤੋਂ ਗੁਰੂ ਨਾਨਕ ਦੇਵ ਜੀ ਅਤੇ ਪ੍ਰਮਾਤਮਾ ਦੀ ਅਭੇਦਤਾ ਦਾ ਹਵਾਲਾ ਪ੍ਰਤੱਖ ਹੈ, ਜਿਸ ਅਨੁਸਾਰ ਪਾਰਬ੍ਰਹਮ ਦਾ ਹੁਕਮ ਹੋਇਆ =

“ ਨਾਨਕ ਜਿਸ ਉਪਰਿ ਤੇਰੀ ਨਦਰਿ, ਤਿਸ ਉਪਰਿ ਮੇਰੀ ਨਦਰਿ।ਜਿਸ ਉਪਰਿ ਤੇਰਾ ਕਰਮੁ,
ਤਿਸ ਉਪਰਿ ਮੇਰਾ ਕਰਮੁ।ਮੇਰਾ ਨਾਉ ਪਾਰਬ੍ਰਹਮੁ ਪ੍ਰਮੇਸਰੁ, ਅਰ ਤੇਰਾ ਨਾਉ ਗੁਰੁ ਪ੍ਰਮੇਸਰੁ। ”

ਗੁਰ ਗੋਬਿੰਦ ਗੋਬਿੰਦ ਗੁਰੂ ਹੈ, ਨਾਨਕ ਭੇਦ ਨ ਭਾਈ (੪੪੨)।ਗੁਰ ਨਾਨਕ ਦੇਵ ਗੋਵਿੰਦ ਰੂਪ (੧੧੯੨)।

ਜਪੁਜੀ ਦਰਸ਼ਨ ਵਿਚ ਡਾ. ਸ਼ੇਰ ਸਿੰਘ ਜੀ ਦਾ ਵਿਚਾਰ ਹੈ ਕਿ ਮੂਲ ਮੰਤ੍ਰ ਵਿਚ ਸਾਰੇ ਪਦ ਨਿਰੰਕਾਰ ਦੇ ਜਣਾਇਕ ਨਾਉਂ ਹਨ, ਕੋਈ ਵੀ ਕਿਰਿਆ ਵਾਚਕ ਪਦ ਨਹੀ।ਸਤਿ ਅਤੇ ਅਜੂਨੀ ਵਾਂਙ ਗੁਰ ਅਤੇ ਪ੍ਰਸਾਦਿ ਨਿਰੰਕਾਰ ਦੇ ਗੁਣ ਵਾਚਕ ਨਾਮ ਹਨ।ਡਾ. ਸ਼ੇਰ ਸਿੰਘ ਜੀ ਨੇ ਗੁਰ ਦੇ ਅਰਥ ਵੱਡਾ, ਮਹਾਨ ਕੀਤੇ ਹਨ ਤੇ ਪ੍ਰਸਾਦਿ ਦੇ ਅਰਥ ਖੁਸ਼, ਮੇਹਰਵਾਨ, ਅਨੰਦ, ਟਿਕਾਉ ਵਾਲਾ ਕੀਤੇ ਹਨ। ਕੁਝ ਵਿਦਵਾਨ ਗੁਰ ਪ੍ਰਸਾਦਿ ਦੇ ਅਰਥ ਮਹਾਨ ਅਨੰਦ ਸਰੂਪ, ਬਹੁਤ ਵੱਡਾ ਕ੍ਰਿਪਾਲੂ ਵੀ ਕਰਦੇ ਹਨ।ਪਰ ਡਾ. ਭਾਈ ਜੋਧ ਸਿੰਘ ਜੀ ਉਪਰੋਕਤ ਵਿਚਾਰਾਂ ਦਾ ਖੰਡਨ ਕਰਦੇ ਲਿਖਦੇ ਹਨ ਕਿ ‘ਗੁਰ’ ਪਦ ਦੇ ਰਾਰੇ ਨੂੰ ਔਂਕੁੜ ਨਹੀ ਹੈ ਅਤੇ ਪ੍ਰਸਾਦਿ ਦੇ ਦੱਦੇ ਨੂੰ ਸਿਹਾਰੀ ਲੱਗੀ ਹੋਈ ਹੈ।ਜੇ ਪਦ ਗੁਰੁ ਪ੍ਰਸਾਦੁ ਹੁੰਦਾ ਤਾਂ ਡਾ. ਸ਼ੇਰ ਸਿੰਘ ਜੀ ਵਾਲੇ ਅਰਥ ਠੀਕ ਮੰਨੇ ਜਾ ਸਕਦੇ ਸਨ।ਇਸ ਕਰਕੇ ਗੁਰ ਪ੍ਰਸਾਦਿ ਦੇ ਸਹੀ ਅਰਥ ਹਨ = ਗੁਰੂ ਦੀ ਕ੍ਰਿਪਾ ਦੁਆਰਾ (ਨਿਰੰਕਾਰ) ਜਾਣਿਆ ਜਾ ਸਕਦਾ ਹੈ।

ਗੁਰਮਤਿ ਅਨੁਸਾਰ ਰੱਬ ਦੀ ਕ੍ਰਿਪਾ ਸਾਰੇ ਜੀਵਾਂ ਉਤੇ ਹੁੰਦੀ ਹੈ, ਜੀਵਾਂ ਨੂੰ ਖਾਧ ਖੁਰਾਕ, ਸੁੰਦਰ ਰੂਪ, ਘਰ ਮਕਾਨ ਅਤੇ ਹੋਰ ਸਾਜੋ ਸਮਾਨ ਪ੍ਰਭੂ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੇ ਹਨ।ਗੁਰਬਾਣੀ ਅਨੁਸਾਰ ਪ੍ਰਮਾਤਮਾ ਹੀ ਸਭ ਦਾ ਆਦਿ ਗੁਰੂ ਹੈ ਅਤੇ ਸਾਰੇ ਗਿਆਨ ਦਾ ਮੂਲ ਸੋਮਾ ਹੈ, ਜਿਸ ਨੇ ਵੱਡੇ ਵੱਡੇ ਗਿਆਨਵਾਨ, ਫਿਲਾਸਫਰ, ਇਜਨੀਅਰ, ਡਾਕਟਰ ਅਤੇ ਤੱਤਵੇਤਾ ਵਿਦਵਾਨ ਪੈਦਾ ਕੀਤੇ।ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਦੀ ਦਰਗਾਹ ਵਿਚੋਂ ਨਾਮ ਦੀ ਦਾਤ ਪ੍ਰਾਪਤ ਹੋਈ ਸੀ {ਪਹਿਲਾਂ ਪਾਇਆ ਬਾਬੇ ਬਖਸ ਦਰ (ਭਾ. ਗੁ. ੧ –੨੪)}।ਹਉ ਢਾਢੀ ਵੇਕਾਰੁ ਕਾਰੈ ਲਾਇਆ....ਢਾਢੀ ਸਚੈ ਮਹਲਿ ਖਸਮਿ ਬੁਲਾਇਆ।ਗੁਰਬਾਣੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਗੁਰੂ ਤਾਂ ਨਿਰੰਕਾਰ ਹੈ, ਪਰ ਗੁਰੂ ਨਾਨਕ ਦੇਵ ਜੀ ਤੋਂ ਬਾਦ ਦੇ ਗੁਰੂਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਮੰਨ ਕੇ ਸਲਾਹਿਆ ਹੈ = ਗੁਰੁ ਨਾਨਕੁ ਤੁਠਾ ਕੀਨੀ ਦਾਤਿ (੩੯੬)।ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਨਾਲ ਇਕ ਮਿਕ ਸਨ, ਪ੍ਰਮਾਤਮਾ ਵਾਲੇ ਗੁਣ ਗੁਰੂ ਨਾਨਕ ਦੇਵ ਜੀ ਵਿਚ ਸਨ।ਗੁਰ ਬਾਣੀ ਅਨੁਸਾਰ ਸਰੀਰ ਗੁਰੂ ਨਹੀਂ, ਗੁਰੂ ਦੇ ਅੰਦਰ ਗੁਰ ਜੋਤਿ ਗੁਰੂ ਹੈ {ਰਾਮਦਾਸਿ ਗੁਰੂ ਜਗ ਤਾਰਨ ਕਉ ,ਗੁਰ ਜੋਤਿ ਅਰਜੁਨ ਮਾਹਿ ਧਰੀ ੧੪੦੯}।ਉਹ ਜੋਤਿ ਨਿਰੰਕਾਰ ਨੇ ਗੁਰੂ ਨਾਨਕ ਦੇਵ ਜੀ ਅੰਦਰ ਟਿਕਾਈ ਸੀ {ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕੁ ਕਹਾਯਉ ੧੪੦੮}।ਪ੍ਰਮਾਤਮਾ ਗੁਰੂ ਰਾਹੀਂ ਅਪਣਾ ਆਪ ਪ੍ਰਗਟ ਕਰਦਾ ਹੈ = ਬਿਨ ਸਤਿਗੁਰ ਕਿਨੈ ਨ ਪਾਇਓ, ਬਿਨ ਸਤਿਗੁਰ ਕਿਨੈ ਨ ਪਾਇਆ।ਸਤਿ ਗੁਰ ਵਿਚਿ ਆਪ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ (੪੬੬)।ਗੁਰ ਮਹਿ ਆਪੁ ਰਖਿਆ ਕਰਤਾਰੇ (੧੦੨੪)।ਵੈਸੇ ਤਾਂ ਪ੍ਰਮਾਤਮਾ ਦੀ ਜੋਤ ਹਰ ਮਨੁੱਖ ਵਿਚ ਹੈ, ਪਰ ਗੁਰੂ ਦੇ ਅੰਦਰ ਇਹ ਜੋਤ ਪੂਰਨ ਰੂਪ ਵਿਚ ਪ੍ਰਕਾਸ਼ਮਾਨ ਹੁੰਦੀ ਹੈ।ਗੁਰੂ ਦੀ ਜਦ ਕ੍ਰਿਪਾ ਹੁੰਦੀ ਹੈ ਤਾਂ ਮਨੁੱਖ ਨੂੰ ਅਪਣੇ ਅੰਦਰ ਦੀ ਜੋਤ ਦਾ ਅਨੁਭਵ ਹੁੰਦਾ ਹੈ।ਜਦ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤਾਂ ਗੁਰੂ ਮਿਲਦਾ ਹੈ, ਗੁਰੂ ਸ਼ਬਦ ਦੀ ਦਾਤ ਬਖਸ਼ਦਾ ਹੈ ਅਤੇ ਸ਼ਬਦ ਤੋਂ ਪ੍ਰਮਾਤਮਾ ਤਕ ਪੁਜੀਦਾ ਹੈ। ਗੁਰਬਾਣੀ ਦਾ ਵਾਕ ਹੈ =

ਨਦਰਿ ਕਰਹਿ ਜੇ ਅਪਣੀ, ਤਾ ਨਦਰੀ ਸਤਿਗੁਰੁ ਪਾਇਆ।ਇਹੁ ਜੀਉ ਬਹੁਤੇ ਜਨਮ ਭਰੰਮਿਆ, ਤਾ ਸਤਿਗੁਰਿ ਸਬਦੁ ਸੁਣਾਇਆ ।ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ।ਸਤਿਗੁਰਿ ਮਿਲਿਐ ਸਚੁ ਪਾਇਆ...(੪੬੫)।

ਸ਼ਬਦ ਪ੍ਰਭੂ ਦੀ ਆਵਾਜ ਹੈ, ਇਹ ਅਵਾਜ ਗੁਰੂ ਰਾਹੀਂ ਪ੍ਰਗਟ ਹੁੰਦੀ ਹੈ, ਰਚਨਾ ਤੋਂ ਪਹਿਲਾਂ ਸ਼ਬਦ ਪ੍ਰਭੂ ਵਿਚ ਵਿਦਮਾਨ ਸੀ, ਰਚਨਾ ਸ਼ਬਦ ਤੋਂ ਹੋਈ ਅਤੇ ਸ਼ਬਦ ਸਾਰੇ ਦਿਸਦੇ ਸੰਸਾਰ ਵਿਚ ਵਿਆਪਕ ਹੋ ਕੇ ਵਰਤ ਰਿਹਾ ਹੈ {ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ, ਜਹ ਦੇਖਾ ਤਹ ਸੋਈ ੯੪੪}।ਇਹ ‘ਸਬਦ’ ਗੁਰੂ ਦੇ ਪਵਿਤ੍ਰ ਮੁਖ ਤੋਂ ਬਾਣੀ ਰੂਪ ਵਿਚ ਪ੍ਰਗਟ ਹੋਇਆ {ਗੁਰ ਮਹਿ ਆਪੁ ਸਮੋਇ, ਸਬਦੁ ਵਰਤਾਇਆ ੧੨੭੯}।ਗੁਰੂ ਦਸਮੇਸ਼ ਜੀ ਨੇ‘ਸਬਦ’ ਨੂੰ ਸਿਖ ਜਗਤ ਦਾ ਸਦੀਵੀ ਗੁਰੂ ਬਣਾ ਦਿਤਾ ਹੈ।ਗੁਰੂ ਇਕ ਸਦੀਵੀ ਜਾਗਦੀ ਜੋਤ ਹੈ, ਜੋ ਸਬਦ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਬਿਰਾਜਮਾਨ ਹੈ।ਬਾਣੀ ਜਾਂ ਸ਼ਬਦ ਹੀ ਗੁਰੂ ਦਾ ਅਸਲ ਸਰੂਪ ਹੈ {ਬਾਣੀ ਗੁਰੂ ਗੁਰੂ ਹੈ ਬਾਣੀ...੯੮੨ ; ਸਤਿਗੁਰ ਬਚਨ ਬਚਨ ਹੈ ਸਤਿਗੁਰ...੧੩੧੦}।ਭਾਈ ਗੁਰਦਾਸ ਜੀ ਅਨੁਸਾਰ ਸ਼ਬਦ ਅਤੇ ਗੁਰੂ ਇਕ ਰੂਪ ਹਨ = ਸਤਿਗੁਰ ਮੈ ਸਬਦ, ਸਬਦ ਮੈ ਸਤਿਗੁਰ...(ਕਬਿਤ ੫੩੪)।ਗੁਰੂ ਦਾ ਸ਼ਬਦ ਪਾਰਬ੍ਰਹਮ ਰੂਪ ਹੈ, ਜੋ

ਸੱਤਸੰਗਤ ਵਿਚ ਵਸਦਾ ਹੈ = ਪਾਰਬ੍ਰਹਮੁ ਗੁਰ ਸਬਦੁ ਹੈ, ਸਤਿਸੰਗਿ ਨਿਵਾਸੀ (ਭਾ. ਗੁ. ਵਾਰ ੯-੧)।ਪ੍ਰਮਾਤਮਾ ਆਪੇ ਹੀ ਗੁਰੂ ਰੂਪ ਹੈ ਅਤੇ ਆਪੇ ਹੀ ਸ਼ਬਦ ਰੂਪ ਹੈ = ਆਪੇ ਸਤਿਗੁਰੁ ਸਬਦੁ ਹੈ ਆਪੇ (੭੯੭)।ਮਨੁੱਖ ਨੂੰ ਪੂਰਬਲੇ ਕਰਮਾਂ ਅਤੇ ਚੰਗੇ ਭਾਗਾਂ ਕਰਕੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ।ਵੈਸੇ ਤਾਂ ਚੰਗੇ ਕਰਮਾਂ ਨਾਲ ਮਨੁੱਖ ਨੂੰ ਜੀਵਨ ਮਿਲਦਾ ਹੈ, ਪਰ ਮੁਕਤੀ ਰੱਬ ਦੀ ਕਿਰਪਾ ਨਾਲ ਹੀ ਮਿਲਦੀ ਹੈ {ਕਰਮੀ ਆਵੈ ਕਪੜਾ, ਨਦਰੀ ਮੋਖ ਦੁਆਰੁ (ਜਪੁ ਜੀ, ੨)}।ਪ੍ਰਮਾਤਮਾ ਦਾ ਵਾਸਾ ਸਭ ਦੇ ਅੰਦਰ ਹੈ, ਪਰ ਪ੍ਰਗਟ ਕੇਵਲ ਉਨ੍ਹਾਂ ਨੂੰ ਹੁੰਦਾ ਹੈ, ਜਿਨ੍ਹਾ ਉਤੇ ਉਸ ਦੀ ਕ੍ਰਿਪਾ ਹੁੰਦੀ ਹੈ =

ਸਭ ਮਹਿ ਵਰਤੈ ਏਕੋ ਸੋਇ।ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ।(੯੩੧)।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੰਗਲਾਂ ਦੇ ਰੂਪ ਨਿਮਨ ਲਿਖਤ ਅਨੁਸਾਰ ਹਨ।

(ੳ) ੧ੳੋ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਕੁਲ ੩੩ ਵਾਰ ਆਉਂਦਾ ਹੈ।

(ਅ) ੧ੳੋ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਕੁਲ ੯ ਵਾਰ ਆਇਆ ਹੈ।(ਅੰਗ ੧੩੭, ੨੨੦, ੨੩੫, ੨੪੨, ੨੪੩, ੩੨੩, ੩੪੦, ੩੪੫, ੮੫੫ ਉਤੇ)।

(ੲ) ੧ੳੋ ਸਤਿਨਾਮੁ ਗੁਰ ਪ੍ਰਸਾਦਿ ॥ ਕੁਲ ੨ ਵਾਰ ਆਇਆ ਹੈ। (ਅੰਗ ੮੧, ੫੪੪ ਉਤੇ)।

(ਸ) ੧ੳੋ ਸਤਿਗੁਰ ਪ੍ਰਸਾਦਿ ॥ ਕੁਲ ੫੨੪ ਵਾਰ ਆਇਆ ਹੈ।

ਇਕ ਦਾ ਵਿਸਥਾਰ ਮੂਲ ਮੰਤ੍ਰ ਵਿਚ ਹੈ, ਮੂਲ ਮੰਤ੍ਰ ਦਾ ਵਿਸਥਾਰ ਜਪੁ ਜੀ ਸਾਹਿਬ ਵਿਚ ਅਤੇ ਜਪੁ ਜੀ ਦਾ ਵਿਸਥਾਰ ਪੂਰਾ ਗੁਰੂ ਗ੍ਰੰਥ ਸਾਹਿਬ ਹੈ।ਦੂਜੇ ਸ਼ਬਦਾਂ ਵਿਚ ੧ ਦੀ ਵਿਆਖਿਆ ਮੂਲ ਮੰਤ੍ਰ ,ਮੂਲ ਮੰਤ੍ਰ ਦੀ ਵਿਆਖਿਆ ਜਪੁ ਜੀ ਸਾਹਿਬ, ਅਤੇ ਜਪੁ ਜੀ ਸਾਹਿਬ ਦੀ ਵਿਆਖਿਆ ਪੂਰਾ ਗੁਰੂ ਗ੍ਰੰਥ ਸਾਹਿਬ ਹੈ।

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥
ਬਾਬਾ ਏਹੁ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥
(ਅੰਗ ੧੬)

ਮੂਲ ਮੰਤ੍ਰ ਵਾਰਤਕ ਹੈ, ਅੱਗੇ ਜਪੁ ਜੀ ਸਾਹਿਬ ਕਾਵਿ ਰਚਨਾ ਹੈ।